GAP INC.

# ਉਹੀ ਕਰੋ ਜੋ ਸਹੀ ਹੈ।

ਸਾਡਾ ਗਲੋਬਲ ਕੋਡ ਆਫ਼
ਬਿਜ਼ਨਸ ਕੰਡਕਟ



# ਉਹੀ ਕਰੋ ਜੋ ਸਹੀ ਹੈ।

ਉੱਚ-ਪੱਧਰੀ ਅਤੇ ਮਸ਼ਹੂਰ ਅਮਰੀਕੀ ਬ੍ਰਾਂਡਾਂ ਦਾ ਸਮੂਹ ਬਣਨ ਦਾ ਸਾਡਾ ਦ੍ਰਿਸ਼ਟੀਕੋਣ ਇਹ ਮੰਗ ਕਰਦਾ ਹੈ ਕਿ ਅਸੀਂ ਅਜਿਹੇ ਉਤਪਾਦ ਅਤੇ ਅਨੁਭਵ ਪ੍ਰਦਾਨ ਕਰਨ 'ਤੇ ਪੂਰੀ ਤਰ੍ਹਾਂ ਕੇਂਦ੍ਰਿਤ ਰਹੀਏ, ਜੋ ਲੋਕਾਂ ਵਿਚਕਾਰ ਅਸਲ ਸੰਬੰਧ ਕਾਇਮ ਕਰਦੇ ਹੋਣ। 1969 ਵਿੱਚ, ਜਦੋਂ Doris ਅਤੇ Don Fisher ਨੇ ਪਹਿਲਾ Gap ਸਟੋਰ ਖੋਲ੍ਹਿਆ ਸੀ, ਤਾਂ ਉਨ੍ਹਾਂ ਨੇ ਇਮਾਨਦਾਰੀ ਅਤੇ ਉੱਚ-ਪੱਧਰੀ ਕਾਰੋਬਾਰੀ ਮਿਆਰਾਂ ਨੂੰ ਬਰਕਰਾਰ ਰੱਖਣ ਦੀ ਪੱਕੀ ਵਚਨਬੱਧਤਾ ਕਾਇਮ ਕੀਤੀ ਸੀ। ਇਹ ਸਾਡੀ ਮਾਣਮੱਤੀ ਵਿਰਾਸਤ ਹੈ ਅਤੇ ਬਿਹਤਰ ਦੁਨੀਆ ਦੀ ਸਿਰਜਣਾ ਲਈ ਪਾੜਿਆਂ ਨੂੰ ਮਿਟਾਉਣ ਦਾ ਰਾਹ ਹੈ।




ਉਦੋਂ ਤੋਂ ਲੈ ਕੇ ਹੁਣ ਤੱਕ ਬਹੁਤ ਕੁਝ ਬਦਲਿਆ ਹੈ, ਪਰ ਨੈਤਿਕ ਸਿਧਾਂਤਾਂ 'ਤੇ ਡਟੇ ਰਹਿਣ ਦਾ ਸਾਡਾ ਇਰਾਦਾ ਅਜੇ ਵੀ ਅਟੱਲ ਹੈ। ਸਾਡੇ ਇਤਿਹਾਸ ਵਿੱਚ ਸਦਾ ਤੋਂ ਹੀ ਇਮਾਨਦਾਰੀ ਨਾਲ ਕੰਮ ਕਰਨਾ ਸਾਡੀ ਸਫਲਤਾ ਦਾ ਮੁੱਖ ਆਧਾਰ ਰਿਹਾ ਹੈ, ਅਤੇ ਇਹ ਅੱਜ ਵੀ ਸਾਡੇ ਹਰ ਕੰਮ ਦਾ ਅਨਿੱਖੜਵਾਂ ਅੰਗ ਹੈ—ਭਾਵੇਂ ਉਹ ਮਕਸਦ-ਆਧਾਰਿਤ ਸੋਚ ਨੂੰ ਅਪਣਾਉਣਾ ਹੋਵੇ ਜਾਂ ਆਪਣੇ ਚੰਗੇ ਪੱਖਾਂ ਨੂੰ ਸਾਹਮਣੇ ਲਿਆਉਣਾ ਹੋਵੇ।

ਸੱਭਿਆਚਾਰ ਦੀ ਰਫ਼ਤਾਰ ਨਾਲ ਚੱਲਦਿਆਂ ਕੁਝ ਵੀ ਨਵਾਂ ਸਿਰਜਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਹਰ ਸਥਿਤੀ ਵਿੱਚ ਸੂਝਵਾਨ ਅਤੇ ਨੈਤਿਕ ਵਪਾਰਕ ਫ਼ੈਸਲੇ ਲਈਏ। ਸਾਡਾ ਉਦੇਸ਼ ਅਤੇ ਕਦਰਾਂ-ਕੀਮਤਾਂ ਉਨ੍ਹਾਂ ਵਿਵਹਾਰਾਂ ਨੂੰ ਉਤਸ਼ਾਹਿਤ ਕਰਦੀਆਂ ਹਨ ਜੋ ਸਾਨੂੰ ਬਿਹਤਰ ਸੋਚਣ ਦੇ ਯੋਗ ਬਣਾਉਂਦੇ ਹਨ। ਸਾਡਾ ਗਲੋਬਲ ਕੋਡ ਆਫ਼ ਬਿਜ਼ਨਸ ਕੰਡਕਟ ਉਨ੍ਹਾਂ ਵਿਵਹਾਰਾਂ 'ਤੇ ਆਧਾਰਿਤ ਹੈ, ਜੋ ਸਾਨੂੰ ਇਮਾਨਦਾਰੀ ਨਾਲ ਕੰਮ ਕਰਨ ਅਤੇ ਅਗਵਾਈ ਕਰਨ ਲਈ ਸੇਧ ਦਿੰਦੇ ਹਨ।

ਅਸੀਂ Gap Inc. ਲਈ ਨਵੇਂ ਭਵਿੱਖ ਦੀ ਨੀਂਹ ਰੱਖ ਰਹੇ ਹਾਂ ਅਤੇ ਇੱਕ ਸੱਭਿਆਚਾਰਕ ਆਈਕਨ ਵਜੋਂ ਆਪਣੀ ਪੁਰਾਣੀ ਪਛਾਣ ਨੂੰ ਮੁੜ ਸੁਰਜੀਤ ਕਰ ਰਹੇ ਹਾਂ। ਇਸੇ ਲਈ ਅਸੀਂ ਆਪਣੇ ਕੋਡ ਨੂੰ ਨਵੇਂ ਸਿਰਿਓਂ ਘੜਿਆ ਹੈ—ਤਾਂ ਜੋ ਅਸੀਂ ਇੱਕ ਟੀਮ ਅਤੇ ਇੱਕ ਕੰਪਨੀ ਬਣ ਕੇ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ, ਦੂਰੀਆਂ ਨੂੰ ਮਿਟਾਉਣ ਦੇ ਆਪਣੇ ਉਪਰਾਲੇ ਨੂੰ ਹੋਰ ਮਜ਼ਬੂਤ ਕਰ ਸਕੀਏ— ਅਤੇ ਅਸੀਂ ਅਜਿਹਾ ਸਿਰਫ਼ ਕਨੂੰਨੀ ਲੋੜਾਂ ਪੂਰੀਆਂ ਕਰਨ ਲਈ ਨਹੀਂ, ਸਗੋਂ ਇਸ ਲਈ ਕਰ ਰਹੇ ਹਾਂ ਕਿਉਂਕਿ ਇਹੀ ਸਹੀ ਰਾਹ ਹੈ।

ਇੱਕ ਟੀਮ ਹੋਣ ਦੇ ਨਾਤੇ, ਸਾਡੇ ਸਾਰਿਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਕੋਡ ਦੀ ਪਾਲਣਾ ਕਰੀਏ। ਇਸ ਲਈ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਧਿਆਨ ਨਾਲ ਪੜ੍ਹੋ ਅਤੇ ਡੂੰਘਾਈ ਨਾਲ ਸੋਚੋ ਕਿ ਸਾਡੇ ਰੋਜ਼ਾਨਾ ਦੇ ਕੰਮ ਸਾਡੀ ਕੰਪਨੀ, ਸਾਡੇ ਸ਼ੇਅਰਧਾਰਕਾਂ, ਸਾਡੇ ਗਾਹਕਾਂ ਅਤੇ ਸਾਡੇ ਸਮਾਜ 'ਤੇ ਕੀ ਅਸਰ ਪਾਉਂਦੇ ਹਨ। ਜੇਕਰ ਕਦੇ ਅਜਿਹਾ ਸਮਾਂ ਆਵੇ ਜਦੋਂ ਤੁਸੀਂ ਇਹ ਨਾ ਸਮਝ ਸਕੋ ਕਿ ਸਹੀ ਕਦਮ ਕੀ ਹੈ, ਤਾਂ ਇਸ ਕੋਡ ਵਿੱਚ ਦਿੱਤੇ ਗਏ ਕਿਸੇ ਵੀ ਸਰੋਤ ਤੋਂ ਗਾਈਡੈਂਸ ਜ਼ਰੂਰ ਲਵੋ। ਨਾਲ ਹੀ, ਕਿਸੇ ਵੀ ਚਿੰਤਾ ਜਾਂ ਕੋਡ ਦੀ ਉਲੰਘਣਾ ਦੀ ਸੰਭਾਵਨਾ ਨੂੰ ਬਿਨਾਂ ਕਿਸੇ ਦੇਰੀ ਜਾਂ ਅਪਵਾਦ ਦੇ, ਜਿਵੇਂ ਹੀ ਉਹ ਸਾਹਮਣੇ ਆਵੇ, ਤੁਰੰਤ ਰਿਪੋਰਟ ਕਰੋ। ਇੱਕ-ਦੂਜੇ ਪ੍ਰਤੀ ਜਵਾਬਦੇਹੀ ਨਾਲ ਹੀ ਅਸੀਂ ਸਾਡੇ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰ ਸਕਦੇ ਹਾਂ।



ਅਸੀਂ ਸਾਰੇ ਮਿਲ ਕੇ ਅਜਿਹਾ ਜੀਵੰਤ ਭਾਈਚਾਰਾ ਬਣਾ ਰਹੇ ਹਾਂ ਜਿੱਥੇ ਆਪਸੀ ਤਾਲਮੇਲ, ਰਚਨਾਤਮਕਤਾ ਅਤੇ ਸਹਿਯੋਗ ਸਾਨੂੰ ਅੱਗੇ ਵਧਾਉਂਦੇ ਹਨ — ਜੋ ਸਹੀ ਹੈ ਉਸ ਨੂੰ ਕਰਨਾ ਸਾਡੇ ਪ੍ਰਭਾਵ ਨੂੰ ਅਤੇ ਬਿਹਤਰ ਸੋਚਣ ਦੀ ਸਾਡੀ ਨਿਰੰਤਰ ਇੱਛਾ ਨੂੰ ਹੋਰ ਵਧਾਉਂਦਾ ਹੈ।

ਅੱਗੇ ਵਧਦੇ ਰਹੋ!

Richard

"ਅਸੀਂ ਖੁਦ ਮਿਸਾਲ ਬਣ ਕੇ ਅਗਵਾਈ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਾਂ, ਇਸ ਲਈ ਨਹੀਂ ਕਿ ਦੂਜੇ ਸਾਨੂੰ ਦੇਖ ਰਹੇ ਹਨ, ਸਗੋਂ ਇਸ ਲਈ ਕਿਉਂਕਿ ਇਹੀ ਕਰਨਾ ਸਹੀ ਹੈ।"

—Doris Fisher

# ਵਿਸ਼ਾ ਸੂਚੀ


ਆਪਣੀ ਆਵਾਜ਼ ਉਠਾਓ (Speak Up) 5
ਸਾਡਾ ਗਲੋਬਲ ਕੋਡ ਆਫ਼ ਬਿਜ਼ਨਸ ਕੰਡਕਟ (COBC) 6
ਆਪਣੀ ਆਵਾਜ਼ ਉਠਾਓ (Speak Up) 8
ਬਦਲੇਖੋਰੀ ਦੀ ਕੋਈ ਗੁੰਜਾਇਸ਼ ਨਹੀਂ 9
ਖੁੱਲ੍ਹੇ ਸੰਵਾਦ ਦੀ ਨੀਤੀ 9

ਸਾਡੇ ਕੰਮ ਕਰਨ ਦਾ ਮਾਹੌਲ 10
ਜ਼ੀਰੋ ਮਤਲਬ ਜ਼ੀਰੋ: ਕੋਈ ਵਿਤਕਰਾ ਜਾਂ ਪਰੇਸ਼ਾਨੀ ਨਹੀਂ 11
ਸ਼ਮੂਲੀਅਤ ਅਤੇ ਆਪਣਾਪਣ 13
ਸਿਹਤ ਅਤੇ ਸੁਰੱਖਿਆ 14

ਹਿੱਤਾਂ ਦਾ ਟਕਰਾਅ 15
ਹਿੱਤਾਂ ਦਾ ਟਕਰਾਅ 16
ਤੋਹਫ਼ੇ ਅਤੇ ਮਨੋਰੰਜਨ 18

ਡਾਟਾ, ਸੰਪਤੀਆਂ ਅਤੇ ਜਾਇਦਾਦ 20
ਗੁਪਤ ਜਾਣਕਾਰੀ ਅਤੇ ਬੌਧਿਕ ਸੰਪਤੀ 21
ਨਿੱਜਤਾ 23
ਜਾਣਕਾਰੀ ਦੀ ਸੁਰੱਖਿਆ 24
ਜਾਇਦਾਦ ਅਤੇ ਸੰਪਤੀਆਂ 25
ਰਿਕਾਰਡ ਰੱਖਣਾ 26

ਕਾਰੋਬਾਰੀ ਅਤੇ ਸਾਖ਼ ਸੰਬੰਧੀ ਜੋਖਮ 27
ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਵਿਰੋਧੀ 28
ਨਿਰਪੱਖ ਮੁਕਾਬਲਾ 30
ਇਨਸਾਈਡਰ ਟ੍ਰੇਡਿੰਗ 31
ਵਪਾਰ ਦੇ ਨਿਯਮ 32
ਜਨਤਕ ਸੰਚਾਰ ਅਤੇ ਸੋਸ਼ਲ ਮੀਡੀਆ 33
ਆਰਟੀਫੀਸ਼ੀਅਲ ਇੰਟੈਲੀਜੈਂਸ 34
ਉਤਪਾਦ ਦੀ ਗੁਣਵੱਤਾ ਅਤੇ ਭਰੋਸੇਯੋਗਤਾ 35
ਆਡਿਟ ਅਤੇ ਸਰਕਾਰੀ ਜਾਂਚ 36
ਰਾਜਨੀਤੀ 37
ਮਨੁੱਖੀ ਅਧਿਕਾਰ 38

ਸਰੋਤ 39
ਸਵਾਲ? 40
ਧੰਨਵਾਦ 41




**ਬੇਦਾਅਵਾ (ਦਸਤਾਵੇਜ਼ ਵਿੱਚ * ਨਾਲ ਦਰਸਾਏ ਗਏ ਨੋਟ ਦੇਖੋ)।** Gap Inc. ਆਪਣੇ ਕਰਮਚਾਰੀਆਂ ਦੇ ਜਨਤਕ ਹਿੱਤ ਦੇ ਮਾਮਲਿਆਂ 'ਤੇ ਖੁੱਲ੍ਹ ਕੇ ਬੋਲਣ ਦੇ ਅਧਿਕਾਰ ਦਾ ਸਮਰਥਨ ਕਰਦੀ ਹੈ। ਇਸ ਤੋਂ ਇਲਾਵਾ, ਤੁਹਾਨੂੰ ਆਪਣੀ ਨੌਕਰੀ ਦੀਆਂ ਸ਼ਰਤਾਂ—ਜਿਨ੍ਹਾਂ ਵਿੱਚ ਤਨਖਾਹ, ਸਹੂਲਤਾਂ, ਕੰਮਕਾਜੀ ਹਾਲਾਤ ਜਾਂ ਹੋਰ ਮੁੱਦੇ ਜੋ ਲਾਗੂ ਕਨੂੰਨਾਂ ਦੁਆਰਾ ਸੁਰੱਖਿਅਤ ਗਤੀਵਿਧੀਆਂ ਨਾਲ ਜੁੜੇ ਹਨ -ਜਿਨ੍ਹਾਂ ਵਿੱਚ ਨੈਸ਼ਨਲ ਲੇਬਰ ਰਿਲੇਸ਼ਨਜ਼ ਐਕਟ ਸ਼ਾਮਲ ਹੈ, ਪਰ ਇਹ ਕੇਵਲ ਇੱਥੋਂ ਤੱਕ ਸੀਮਤ ਨਹੀਂ ਹੈ—ਬਾਰੇ ਖੁਲਾਸਾ ਕਰਨ ਜਾਂ ਚਰਚਾ ਕਰਨ ਤੋਂ ਮਨਾਹੀ ਨਹੀਂ ਹੈ। ਇਸ ਕੋਡ ਜਾਂ Gap Inc. ਦੀ ਕਿਸੇ ਵੀ ਨੀਤੀ ਵਿੱਚ ਅਜਿਹਾ ਕੁਝ ਨਹੀਂ ਹੈ ਜਿਸਦਾ ਉਦੇਸ਼ ਉਨ੍ਹਾਂ ਅਧਿਕਾਰਾਂ ਨੂੰ ਸੀਮਤ ਕਰਨਾ ਜਾਂ ਉਨ੍ਹਾਂ ਵਿੱਚ ਦਖਲ ਦੇਣਾ ਹੋਵੇ ਜੋ ਕਰਮਚਾਰੀਆਂ ਨੂੰ U.S. ਨੈਸ਼ਨਲ ਲੇਬਰ ਰਿਲੇਸ਼ਨਜ਼ ਐਕਟ ਜਾਂ ਹੋਰ ਲਾਗੂ ਕਨੂੰਨਾਂ ਤਹਿਤ ਮਿਲੇ ਹਨ।

ਕਰਮਚਾਰੀ ਵਜੋਂ ਤੁਹਾਡੇ ਅਧਿਕਾਰ ਅਤੇ ਰੁਜ਼ਗਾਰਦਾਤਾ ਵਜੋਂ ਸਾਡੇ ਅਧਿਕਾਰ, ਰੁਜ਼ਗਾਰ ਵਾਲੇ ਦੇਸ਼ ਦੇ ਕਨੂੰਨਾਂ ਅਤੇ ਤੁਹਾਡੇ ਕੰਮ ਵਾਲੀ ਥਾਂ ਦੇ ਕੰਮਕਾਜੀ ਨਿਯਮਾਂ ਦੁਆਰਾ ਨਿਯੰਤਰਿਤ ਕੀਤੇ ਜਾਂਦੇ ਹਨ।

ਇਹ ਕੋਡ ਨਾ ਤਾਂ ਕੋਈ ਰੁਜ਼ਗਾਰ ਇਕਰਾਰਨਾਮਾ ਹੈ ਅਤੇ ਨਾ ਹੀ ਕੋਈ ਕਨੂੰਨੀ ਇਕਰਾਰਨਾਮਾ, ਅਤੇ Gap Inc. ਦੁਆਰਾ ਇਸ ਵਿੱਚ ਕਿਸੇ ਵੀ ਸਮੇਂ ਬਦਲਾਅ ਕੀਤਾ ਜਾ ਸਕਦਾ ਹੈ।




# ਆਪਣੀ ਆਵਾਜ਼ ਉਠਾਓ (Speak Up)

ਸਾਡਾ ਗਲੋਬਲ ਕੋਡ ਆਫ਼ ਬਿਜ਼ਨਸ ਕੰਡਕਟ (COBC)
ਆਪਣੀ ਆਵਾਜ਼ ਉਠਾਓ (Speak Up)
ਬਦਲੇਖੋਰੀ ਦੀ ਕੋਈ ਗੁੰਜਾਇਸ਼ ਨਹੀਂ
ਖੁੱਲ੍ਹੇ ਸੰਵਾਦ ਦੀ ਨੀਤੀ

# ਸਾਡਾ ਗਲੋਬਲ ਕੋਡ ਆਫ਼ ਬਿਜ਼ਨਸ ਕੰਡਕਟ (COBC)

## ਸਾਡਾ ਦ੍ਰਿਸ਼ਟੀਕੋਣ

ਮਸ਼ਹੂਰ ਅਮਰੀਕੀ ਬ੍ਰਾਂਡਾਂ ਦਾ ਇੱਕ ਉੱਚ-ਪ੍ਰਦਰਸ਼ਨ ਕਰਨ ਵਾਲਾ ਸਮੂਹ ਬਣਨਾ ਜੋ ਸੱਭਿਆਚਾਰ ਨੂੰ ਆਕਾਰ ਦਿੰਦੇ ਹਨ।

## ਸਾਡਾ ਮਕਸਦ

ਅਸੀਂ ਬਿਹਤਰ ਦੁਨੀਆ ਬਣਾਉਣ ਲਈ ਦੂਰੀਆਂ ਨੂੰ ਮਿਟਾਉਂਦੇ ਹਾਂ।

## ਸਾਡਾ ਮਿਸ਼ਨ

ਅਸੀਂ ਅਜਿਹੇ ਉਤਪਾਦ ਅਤੇ ਤਜ਼ਰਬੇ ਤਿਆਰ ਕਰਦੇ ਹਾਂ ਜੋ ਲੋਕਾਂ ਨੂੰ ਆਪਣੀ ਅਸਲ ਪਛਾਣ ਰਾਹੀਂ ਇੱਕ-ਦੂਜੇ ਨਾਲ ਜੁੜਨ ਲਈ ਪ੍ਰੇਰਿਤ ਕਰਦੇ ਹਨ।

## ਸਾਡੀਆਂ ਕਦਰਾਂ-ਕੀਮਤਾਂ

ਗਾਹਕ ਨੂੰ ਕੇਂਦਰ ਵਿੱਚ ਰੱਖੋ
ਉਤਸੁਕਤਾ ਨਾਲ ਸਿਰਜਣਾ ਕਰੋ
ਸਪੱਸ਼ਟਤਾ ਨਾਲ ਸਹਿਯੋਗ ਕਰੋ
ਉੱਤਮਤਾ ਦੀ ਅਗਵਾਈ ਕਰੋ




### ਇਹ ਕਿਉਂ ਮਹੱਤਵਪੂਰਨ ਹੈ।

Gap Inc. ਵਿਖੇ, ਅਸੀਂ ਸਾਰੇ ਜ਼ਿੰਮੇਵਾਰ ਹਾਂ ਕਿ ਅਸੀਂ ਇਮਾਨਦਾਰੀ ਨਾਲ ਕੰਮ ਕਰੀਏ, ਕਿਸੇ ਮਕਸਦ ਲਈ ਕੰਮ ਕਰੀਏ, ਅਤੇ ਇਹ ਚੰਗੀ ਤਰ੍ਹਾਂ ਸੋਚੀਏ ਕਿ ਸਾਡੇ ਫ਼ੈਸਲਿਆਂ ਦਾ ਦੂਜਿਆਂ 'ਤੇ, ਸਾਡੀ ਖੁਦ 'ਤੇ ਅਤੇ ਸਾਡੇ ਆਪਣੇ 'ਤੇ ਕੀ ਅਸਰ ਪਵੇਗਾ। ਇਹ ਗਲੋਬਲ ਕੋਡ ਆਫ਼ ਬਿਜ਼ਨਸ ਕੰਡਕਟ (COBC) ਸਾਡੀ ਕੰਪਨੀ ਦੀਆਂ ਕਦਰਾਂ ਕੀਮਤਾਂ 'ਤੇ ਆਧਾਰਿਤ ਹੈ ਅਤੇ ਇਹ ਨੈਤਿਕ ਤੌਰ 'ਤੇ ਕੰਮ ਕਰਨ, ਇਮਾਨਦਾਰੀ ਨਾਲ ਕੰਮ ਕਰਨ ਅਤੇ ਸੰਬੰਧਿਤ ਕਨੂੰਨਾਂ, ਨਿਯਮਾਂ ਅਤੇ ਕੰਪਨੀ ਦੀਆਂ ਨੀਤੀਆਂ ਦੀ ਪਾਲਣਾ ਕਰਨ ਲਈ ਤੁਹਾਡਾ ਮਾਰਗਦਰਸ਼ਕ ਹੈ।

ਇਹ COBC ਨੈਤਿਕ ਵਿਵਹਾਰ, ਪਾਰਦਰਸ਼ਤਾ ਅਤੇ ਜਵਾਬਦੇਹੀ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਖ਼ਤ ਨੈਤਿਕ ਨਿਯਮਾਂ ਦੀ ਪਾਲਣਾ ਕਰਨ ਨਾਲ ਅਸੀਂ ਭਰੋਸਾ ਜਿੱਤਦੇ ਹਾਂ, ਮੁਸ਼ਕਲਾਂ ਨੂੰ ਘਟਾਉਂਦੇ ਹਾਂ ਅਤੇ ਆਪਣੇ ਕੰਮ ਨੂੰ ਹੋਰ ਬਿਹਤਰ ਬਣਾਉਂਦੇ ਹਾਂ-- ਇਸ ਨਾਲ ਸਾਡੇ ਭਾਈਚਾਰੇ ਨਾਲ ਸੰਬੰਧ ਮਜ਼ਬੂਤ ਹੁੰਦੇ ਹਨ ਅਤੇ ਸਾਡੇ ਗਾਹਕਾਂ ਅਤੇ ਸ਼ੇਅਰਧਾਰਕਾਂ ਨੂੰ ਲੰਬੇ ਸਮੇਂ ਤੱਕ ਫਾਇਦਾ ਮਿਲਦਾ ਹੈ।

?

### ਸਵਾਲ

ਅਸੀਂ ਤੁਹਾਡੀ ਮਦਦ ਲਈ ਹਮੇਸ਼ਾਂ ਹਾਜ਼ਰ ਹਾਂ। ਜੇਕਰ ਤੁਹਾਨੂੰ ਇਸ COBC ਵਿੱਚ ਸ਼ਾਮਲ ਕਿਸੇ ਵੀ ਵਿਸ਼ੇ 'ਤੇ ਮਾਰਗਦਰਸ਼ਨ ਦੀ ਲੋੜ ਹੈ, ਤਾਂ ਗਲੋਬਲ ਇੰਟੈਗਰਿਟੀ ਨਾਲ ਸੰਪਰਕ ਕਰੋ।

## ਤੁਹਾਡੀਆਂ ਜ਼ਿੰਮੇਵਾਰੀਆਂ।

Gap Inc. ਦੇ ਕਰਮਚਾਰੀ ਵਜੋਂ, ਤੁਹਾਡੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ:

**ਸਾਡੇ COBC ਅਤੇ ਨੀਤੀਆਂ ਦੀ ਪਾਲਣਾ ਕਰੋ।** ਸਾਡੇ COBC ਅਤੇ ਕੰਪਨੀ ਦੀਆਂ ਸੰਬੰਧਿਤ ਨੀਤੀਆਂ ਨੂੰ ਪੜ੍ਹੋ ਅਤੇ ਉਨ੍ਹਾਂ ਦੀ ਪਾਲਣਾ ਕਰੋ। ਇਹ ਜਾਣਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਡੇ ਕੰਮ 'ਤੇ ਕਿਹੜੀਆਂ ਨੀਤੀਆਂ ਲਾਗੂ ਹੁੰਦੀਆਂ ਹਨ। ਇਸ COBC ਦੇ ਹਰ ਹਿੱਸੇ ਵਿੱਚ ਕੁਝ ਨੀਤੀਆਂ ਦੇ ਲਿੰਕ ਦਿੱਤੇ ਗਏ ਹਨ। ਇਨ੍ਹਾਂ ਨੂੰ ਪੜ੍ਹਨਾ, ਸਮਝਣਾ ਅਤੇ ਇਨ੍ਹਾਂ ਮੁਤਾਬਕ ਕੰਮ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ। ਜੇਕਰ ਤੁਹਾਡੇ ਕੋਈ ਸਵਾਲ ਹੋਣ, ਤਾਂ ਆਪਣੇ ਮੈਨੇਜਰ ਜਾਂ ਗਲੋਬਲ ਇੰਟੈਗਰਿਟੀ ਤੋਂ ਮਦਦ ਜ਼ਰੂਰ ਲਵੋ। ਸਾਡੇ COBC ਅਤੇ ਨੀਤੀਆਂ ਦੀ ਪਾਲਣਾ ਨਾ ਕਰਨ 'ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ, ਜਿਸ ਵਿੱਚ ਨੌਕਰੀ ਤੋਂ ਕੱਢਿਆ ਜਾਣਾ ਵੀ ਸ਼ਾਮਲ ਹੋ ਸਕਦਾ ਹੈ।

**ਲਾਗੂ ਕਨੂੰਨਾਂ ਦੀ ਪਾਲਣਾ ਕਰੋ।** ਤੁਸੀਂ ਜਿਸ ਵੀ ਜਗ੍ਹਾ ਕੰਮ ਕਰਦੇ ਹੋ, ਉੱਥੋਂ ਦੇ ਸਾਰੇ ਨਿਯਮਾਂ ਅਤੇ ਕਨੂੰਨਾਂ ਦੀ ਪਾਲਣਾ ਕਰੋ। ਜੇਕਰ ਕੋਈ ਵੀ ਕਨੂੰਨ ਜਾਂ ਸਥਾਨਕ ਨਿਯਮ ਸਾਡੇ COBC ਨਾਲ ਮੇਲ ਨਹੀਂ ਖਾਂਦਾ, ਤਾਂ ਹਮੇਸ਼ਾਂ ਉਸ ਨਿਯਮ ਦੀ ਪਾਲਣਾ ਕਰੋ ਜੋ ਵਧੇਰੇ ਸਖ਼ਤ ਜਾਂ ਬਿਹਤਰ ਹੋਵੇ।

**ਅਜਿਹਾ ਮਾਹੌਲ ਬਣਾਉਣ ਵਿੱਚ ਮਦਦ ਕਰੋ ਜਿੱਥੇ ਹਰ ਕੋਈ ਸ਼ਮੂਲੀਅਤ ਅਤੇ ਆਪਣਾਪਣ ਮਹਿਸੂਸ ਕਰੇ।** ਧਿਆਨ ਰੱਖੋ ਕਿ ਤੁਹਾਡੇ ਕੰਮਾਂ ਅਤੇ ਫ਼ੈਸਲਿਆਂ ਦਾ ਦੂਜਿਆਂ 'ਤੇ ਕੀ ਅਸਰ ਪੈਂਦਾ ਹੈ। ਅਜਿਹਾ ਮਾਹੌਲ ਬਣਾਓ ਜਿੱਥੇ ਹਰ ਕੋਈ ਆਪਣੇ-ਆਪ ਨੂੰ ਮਹੱਤਵਪੂਰਨ, ਸਹਿਯੋਗੀ ਅਤੇ ਸਤਿਕਾਰਯੋਗ ਮਹਿਸੂਸ ਕਰੇ।

**ਨਿਰਪੱਖ ਅਤੇ ਇਮਾਨਦਾਰ ਬਣੋ।** ਗਾਹਕਾਂ, ਸਪਲਾਇਰਾਂ, ਵੈਂਡਰਾਂ, ਮੁਕਾਬਲੇਬਾਜ਼ਾਂ ਅਤੇ ਆਪਣੇ ਸਾਥੀ ਕਰਮਚਾਰੀਆਂ ਨਾਲ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਪੇਸ਼ ਆ ਕੇ Gap Inc. ਦੀ ਸਾਖ ਨੂੰ ਬਰਕਰਾਰ ਰੱਖੋ।

### ਮੈਨੇਜਰਾਂ ਦੀਆਂ ਜ਼ਿੰਮੇਵਾਰੀਆਂ।

ਮੈਨੇਜਰ ਸਾਡੇ ਨੈਤਿਕ ਸੱਭਿਆਚਾਰ ਨੂੰ ਕਾਇਮ ਰੱਖਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ, ਇਸ ਲਈ ਉਨ੍ਹਾਂ ਕੋਲ ਵਧੀਕ ਜ਼ਿੰਮੇਵਾਰੀਆਂ ਹੁੰਦੀਆਂ ਹਨ।

- ਸਾਡੀਆਂ ਕਦਰਾਂ-ਕੀਮਤਾਂ 'ਤੇ ਚੱਲੋ ਅਤੇ ਖੁੱਲ੍ਹ ਕੇ ਗੱਲਬਾਤ ਕਰਨ ਨੂੰ ਉਤਸ਼ਾਹਿਤ ਕਰੋ। ਕਰਮਚਾਰੀਆਂ ਨੂੰ ਸਵਾਲ ਪੁੱਛਣ ਅਤੇ ਆਪਣੀਆਂ ਚਿੰਤਾਵਾਂ ਬਾਰੇ ਖੁੱਲ੍ਹ ਕੇ ਗੱਲ ਕਰਨ ਲਈ ਉਤਸ਼ਾਹਿਤ ਕਰੋ।
- ਗਲਤ ਕੰਮਾਂ ਦੀ ਰਿਪੋਰਟ ਕਰੋ ਅਤੇ ਜਿੱਥੇ ਜ਼ਰੂਰੀ ਹੋਵੇ, ਉੱਥੇ ਤੁਰੰਤ ਕਾਰਵਾਈ ਕਰੋ।
- ਕਰਮਚਾਰੀਆਂ ਨੂੰ ਯਾਦ ਦਿਵਾਓ ਕਿ ਸਾਡੇ ਇੱਥੇ ਬਦਲੇਖੋਰੀ ਦੀ ਕੋਈ ਗੁੰਜਾਇਸ਼ ਨਹੀਂ ਹੈ।
- ਸਮੇਂ-ਸਮੇਂ 'ਤੇ ਆਪਣੀ ਟੀਮ ਨਾਲ COBC ਅਤੇ ਸੰਬੰਧਿਤ ਨੀਤੀਆਂ ਦੀ ਸਮੀਖਿਆ ਕਰੋ।
- ਇਹ ਯਕੀਨੀ ਬਣਾਓ ਕਿ ਤੁਸੀਂ ਅਤੇ ਤੁਹਾਡੀ ਟੀਮ ਸਾਰੇ ਲੋੜੀਂਦੇ ਸਿਖਲਾਈ ਕੋਰਸਾਂ ਬਾਰੇ ਪੂਰੀ ਤਰ੍ਹਾਂ ਜਾਣੂ ਹੋ।
- ਜਦੋਂ ਵੀ ਤੁਹਾਡੇ ਕੋਈ ਸਵਾਲ ਹੋਣ, ਤਾਂ ਗਲੋਬਲ ਇੰਟੈਗਰਿਟੀ ਨਾਲ ਸੰਪਰਕ ਕਰੋ।

## ਸਵਾਲ ਪੁੱਛੋ ਅਤੇ ਆਪਣੀ ਆਵਾਜ਼ ਉਠਾਓ (Speak Up)।

ਜੇਕਰ ਤੁਸੀਂ ਕਿਸੇ ਅਜਿਹੀ ਸਥਿਤੀ ਵਿੱਚ ਹੋ ਜਿੱਥੇ ਤੁਹਾਨੂੰ ਸਮਝ ਨਹੀਂ ਆ ਰਿਹਾ ਕਿ ਕੀ ਕਰਨਾ ਹੈ, ਤਾਂ ਆਪਣੇ ਆਪ ਤੋਂ ਇਹ ਪੁੱਛੋ:

ਕੀ ਇਹ ਸਾਡੇ COBC, ਸਾਡੀਆਂ ਨੀਤੀਆਂ ਅਤੇ ਕਨੂੰਨ ਦੇ ਅਨੁਸਾਰ ਹੈ?

↓

ਕੀ ਮੇਰੇ ਕੋਲ ਇਹ ਕਰਨ ਦਾ ਅਧਿਕਾਰ ਹੈ?

↓

ਕੀ ਇਸ ਨਾਲ Gap Inc. ਦੀ ਬਦਨਾਮੀ ਹੋ ਸਕਦੀ ਹੈ?

↓

ਕੀ ਮੈਂ ਚਾਹਾਂਗਾ/ਚਾਹਾਂਗੀ ਕਿ ਇਹ ਖ਼ਬਰਾਂ ਵਿੱਚ ਦਿਖਾਇਆ ਜਾਵੇ?

↓

ਕੀ ਇਹ ਸਹੀ ਕੰਮ ਹੈ?

? ਕੀ ਕਰਨਾ ਹੈ ਇਸ ਬਾਰੇ ਹਾਲੇ ਫ਼ੈਸਲਾ ਨਹੀਂ ਕਰ ਪਾ ਰਹੇ ਹੋ? ਸਾਡੇ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਨਾਲ ਸੰਪਰਕ ਕਰਕੇ ਮਦਦ ਮੰਗੋ।

X ਨਹੀਂ? ਅਜਿਹਾ ਨਾ ਕਰੋ।

# ਆਪਣੀ ਆਵਾਜ਼ ਉਠਾਓ (Speak Up)

Gap Inc. ਦੀ ਸੁਰੱਖਿਆ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਸਾਡੇ COBC, ਨੀਤੀਆਂ ਅਤੇ/ਜਾਂ ਕਨੂੰਨ ਦੀ ਕੋਈ ਉਲੰਘਣਾ ਹੋਈ ਹੈ, ਤਾਂ ਤੁਹਾਡੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੀ ਆਵਾਜ਼ ਉਠਾਓ (Speak Up)। ਤੁਹਾਡੇ ਲਈ ਆਪਣੀ ਆਵਾਜ਼ ਉਠਾਓ (Speak Up) ਦੇ ਹੇਠ ਲਿਖੇ ਸਰੋਤ ਉਪਲਬਧ ਹਨ:

- ਖੁੱਲ੍ਹੇ ਸੰਵਾਦ ਦੀ ਨੀਤੀ ਦੀ ਪਾਲਣਾ ਕਰੋ ਅਤੇ ਆਪਣੇ ਮੈਨੇਜਰ, ਅਗਲੇ ਪੱਧਰ ਦੇ ਮੈਨੇਜਰ ਜਾਂ ਸਥਾਨਕ ਹਿਊਮਨ ਰਿਸੋਰਜ਼ ਸੰਪਰਕ ਨਾਲ ਗੱਲ ਕਰੋ।
- Global_Integrity@gap.com 'ਤੇ ਸੰਪਰਕ ਕਰੋ।
- ਗੁਪਤ COBC ਆਪਣੀ ਆਵਾਜ਼ ਉਠਾਓ (Speak Up) ਹੌਟਲਾਈਨ ਦੀ ਵਰਤੋਂ ਕਰੋ:
  → ਆਨਲਾਈਨ ਰਿਪੋਰਟ ਦਰਜ ਕਰੋ: speakup.gapinc.com ਜਾਂ
  → 1-866-GAP-CODE (1-866-427-2633) 'ਤੇ ਕਾਲ ਕਰੋ
  → ਉੱਤਰੀ ਅਮਰੀਕਾ ਅਤੇ ਪਿਊਰਟੋ ਰੀਕੋ ਤੋਂ ਬਾਹਰ: ਵਧੇਰੇ ਜਾਣਕਾਰੀ ਲਈ speakup.gapinc.com 'ਤੇ ਜਾਓ।

ਸਾਡੀ ਗੁਪਤ COBC ਆਪਣੀ ਆਵਾਜ਼ ਉਠਾਓ (Speak Up) ਹੌਟਲਾਈਨ ਦੁਨੀਆ ਭਰ ਵਿੱਚ 24 ਘੰਟੇ ਅਤੇ ਹਫ਼ਤੇ ਦੇ 7 ਦਿਨ ਉਪਲਬਧ ਹੈ, ਜਿਸ ਵਿੱਚ ਤੁਸੀਂ ਚਾਹੋ ਤਾਂ ਆਪਣੀ ਰਿਪੋਰਟ ਗੁਮਨਾਮ ਤੌਰ 'ਤੇ ਵੀ ਦਰਜ ਕਰ ਸਕਦੇ ਹੋ।

Gap Inc. ਹਰ ਰਿਪੋਰਟ ਦੀ ਉਚਿਤ ਜਾਂਚ ਕਰਦਾ ਹੈ ਅਤੇ COBC, ਸਾਡੀਆਂ ਨੀਤੀਆਂ ਅਤੇ/ਜਾਂ ਕਨੂੰਨ ਦੀਆਂ ਸਾਬਤ ਹੋਈਆਂ ਉਲੰਘਣਾਵਾਂ 'ਤੇ ਨਿਰਪੱਖ ਅਤੇ ਲੋੜੀਂਦੀ ਕਾਰਵਾਈ ਕਰਦਾ ਹੈ।

## ਬਦਲੇਖੋਰੀ ਦੀ ਕੋਈ ਗੁੰਜਾਇਸ਼ ਨਹੀਂ।

Gap Inc. ਕਿਸੇ ਵੀ ਅਜਿਹੇ ਵਿਅਕਤੀ ਵਿਰੁੱਧ ਬਦਲੇਖੋਰੀ ਨੂੰ ਬਰਦਾਸ਼ਤ ਨਹੀਂ ਕਰਦਾ ਜੋ ਨੇਕ ਨੀਤੀ ਨਾਲ ਕਿਸੇ ਚਿੰਤਾ ਦੀ ਰਿਪੋਰਟ ਕਰਦਾ ਹੈ, ਜਾਂ ਕਿਸੇ ਜਾਂਚ ਵਿੱਚ ਸਹਿਯੋਗ ਕਰਦਾ ਹੈ ਜਾਂ ਭਾਗ ਲੈਂਦਾ ਹੈ। "ਨੇਕ ਨੀਤੀ" ਦਾ ਮਤਲਬ ਹੈ ਕਿ ਤੁਸੀਂ ਇਮਾਨਦਾਰੀ ਨਾਲ ਮੰਨਦੇ ਹੋ ਕਿ ਕੋਈ ਉਲੰਘਣਾ ਹੋਈ ਹੈ।

ਮੈਨੇਜਰਾਂ ਨੂੰ ਕਿਸੇ ਕਰਮਚਾਰੀ ਦੁਆਰਾ COBC, ਨੀਤੀ ਜਾਂ ਕਨੂੰਨੀ ਚਿੰਤਾ ਉਠਾਉਣ ਦੇ ਬਦਲੇ ਵਿੱਚ ਉਸਦੇ ਵਿਰੁੱਧ ਕੋਈ ਵੀ ਮਾੜੀ ਰੁਜ਼ਗਾਰ ਕਾਰਵਾਈ ਕਰਨ ਤੋਂ ਮਨ੍ਹਾ ਕੀਤਾ ਗਿਆ ਹੈ। ਮਾੜੀ ਰੁਜ਼ਗਾਰ ਕਾਰਵਾਈ ਦੀਆਂ ਕੁਝ ਉਦਾਹਰਨਾਂ ਹਨ: ਅਹੁਦਾ ਘਟਾਉਣਾ, ਤਨਖਾਹ ਘਟਾਉਣਾ, ਨੌਕਰੀ ਤੋਂ ਕੱਢਣਾ, ਕੰਮ ਦੀ ਜਗ੍ਹਾ ਬਦਲਣਾ, ਜਾਂ ਤਰੱਕੀ ਨਾ ਦੇਣਾ।

ਕੋਈ ਵੀ ਕਰਮਚਾਰੀ ਜੋ ਬਦਲੇ ਦੀ ਕਾਰਵਾਈ ਕਰਦਾ ਹੈ, ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਨੌਕਰੀ ਤੋਂ ਕੱਢਣਾ ਵੀ ਸ਼ਾਮਲ ਹੋ ਸਕਦਾ ਹੈ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਲ ਬਦਲੇ ਦੀ ਕਾਰਵਾਈ ਹੋਈ ਹੈ ਜਾਂ ਤੁਸੀਂ ਕਿਸੇ ਨਾਲ ਅਜਿਹਾ ਹੁੰਦੇ ਦੇਖਿਆ ਹੈ ਭਾਵੇਂ ਵਿਅਕਤੀਗਤ ਤੌਰ 'ਤੇ ਜਾਂ ਆਨਲਾਈਨ, ਤਾਂ ਇਸਦੀ ਰਿਪੋਰਟ ਆਪਣੇ ਮੈਨੇਜਰ, ਅਗਲੇ ਪੱਧਰ ਦੇ ਮੈਨੇਜਰ, ਆਪਣੇ ਸਥਾਨਕ ਹਿਊਮਨ ਰਿਸੋਰਸਜ਼ ਸੰਪਰਕ, ਗਲੋਬਲ ਇੰਟੈਗ੍ਰਿਟੀ ਜਾਂ COBC ਆਪਣੀ ਆਵਾਜ਼ ਉਠਾਓ (Speak Up) ਹੌਟਲਾਈਨ ਨੂੰ ਕਰੋ। ਹਰ ਪਰੇਸ਼ਾਨੀ ਦੀ ਨਿਰਪੱਖ, ਤੁਰੰਤ ਅਤੇ ਚੰਗੀ ਤਰ੍ਹਾਂ ਜਾਂਚ ਕੀਤੀ ਜਾਵੇਗੀ, ਅਤੇ Gap Inc. ਉਚਿਤ ਕਾਰਵਾਈ ਕਰੇਗਾ, ਜਿਸ ਵਿੱਚ ਨੌਕਰੀ ਤੋਂ ਕੱਢਣਾ ਵੀ ਸ਼ਾਮਲ ਹੋ ਸਕਦਾ ਹੈ।



## ਖੁੱਲ੍ਹੇ ਸੰਵਾਦ ਦੀ ਨੀਤੀ।

ਅਸੀਂ ਇੱਕ ਟੀਮ, ਇੱਕ ਕੰਪਨੀ ਅਤੇ ਇੱਕ ਸੱਭਿਆਚਾਰ ਦਾ ਹਿੱਸਾ ਹਾਂ, ਅਤੇ ਅਸੀਂ ਸਭ ਤੋਂ ਵਧੀਆ ਤਰੀਕੇ ਨਾਲ ਉਦੋਂ ਕੰਮ ਕਰਦੇ ਹਾਂ ਜਦੋਂ ਅਸੀਂ ਮਿਲ ਕੇ ਕੰਮ ਕਰ ਰਹੇ ਹੁੰਦੇ ਹਾਂ। ਅਸੀਂ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ ਕਿ ਤੁਸੀਂ ਆਪਣੇ ਸਵਾਲ, ਸੁਝਾਅ ਜਾਂ ਚਿੰਤਾਵਾਂ ਲੀਡਰਸ਼ਿਪ ਦੇ ਕਿਸੇ ਵੀ ਪੱਧਰ ਨਾਲ ਸਾਂਝੀਆਂ ਕਰੋ।

ਜ਼ਿਆਦਾਤਰ ਮਾਮਲਿਆਂ ਵਿੱਚ, ਤੁਹਾਡਾ ਮੈਨੇਜਰ ਗੱਲ ਸ਼ੁਰੂ ਕਰਨ ਲਈ ਵਧੀਆ ਚੋਣ ਹੈ। ਹਾਲਾਂਕਿ, ਤੁਸੀਂ ਕਿਸੇ ਵੀ ਸਮੇਂ ਆਪਣੇ ਸਵਾਲਾਂ ਜਾਂ ਚਿੰਤਾਵਾਂ ਨੂੰ ਮੈਨੇਜਮੈਂਟ ਦੇ ਅਗਲੇ ਪੱਧਰ ਜਾਂ ਹਿਊਮਨ ਰਿਸੋਰਸਜ਼ ਤੱਕ ਪਹੁੰਚਾ ਸਕਦੇ ਹੋ।

ਵਧੇਰੇ ਜਾਣਕਾਰੀ ਲਈ, ਇਨ੍ਹਾਂ ਨੂੰ ਦੇਖੋ: ਖੁੱਲ੍ਹੇ ਸੰਵਾਦ ਦੀ ਨੀਤੀ | ਬਦਲੇਖੋਰੀ ਦੀ ਕੋਈ ਗੁੰਜਾਇਸ਼ ਨਹੀਂ

## ਸਵਾਲ ਅਤੇ ਜਵਾਬ

ਸਵਾਲ: ਮੈਂ ਕੁਝ ਅਜਿਹਾ ਵਿਵਹਾਰ ਦੇਖਿਆ ਹੈ ਜੋ ਮੈਨੂੰ ਪਰੇਸ਼ਾਨ ਕਰ ਰਿਹਾ ਹੈ, ਪਰ ਅਜਿਹਾ ਲੱਗਦਾ ਹੈ ਕਿ ਇਹ COBC ਵਿੱਚ ਸ਼ਾਮਲ ਨਹੀਂ ਹੈ। ਮੈਨੂੰ ਯਕੀਨ ਨਹੀਂ ਹੈ ਕਿ ਇਹ ਸਾਡੀ ਨੀਤੀ ਦੀ ਉਲੰਘਣਾ ਹੈ। ਕੀ ਮੈਨੂੰ ਕੁਝ ਕਰਨਾ ਚਾਹੀਦਾ ਹੈ?

ਜਵਾਬ: ਹਾਂ। ਤੁਸੀਂ ਆਪਣੀ ਚਿੰਤਾ ਬਾਰੇ ਚਰਚਾ ਕਰਨ ਲਈ ਕਿਸੇ ਵੀ ਆਪਣੀ ਆਵਾਜ਼ ਉਠਾਓ (Speak Up) ਸਰੋਤ ਨਾਲ ਸੰਪਰਕ ਕਰ ਸਕਦੇ ਹੋ। ਸਵਾਲ ਪੁੱਛਣਾ ਹਮੇਸ਼ਾਂ ਠੀਕ ਹੈ, ਅਤੇ ਸਹਾਇਤਾ ਪ੍ਰਾਪਤ ਕਰਨ ਲਈ ਤੁਹਾਨੂੰ ਸਾਡੇ COBC ਦੀ ਕਿਸੇ ਖਾਸ ਉਲੰਘਣਾ ਦਾ ਵਰਣਨ ਕਰਨ ਦੀ ਲੋੜ ਨਹੀਂ ਹੈ।



# ਸਾਡੇ ਕੰਮ ਕਰਨ ਦਾ ਮਾਹੌਲ

ਜ਼ੀਰੋ ਮੀਨਜ਼ ਜ਼ੀਰੋ: ਕੋਈ ਵਿਤਕਰਾ ਜਾਂ ਪਰੇਸ਼ਾਨੀ ਨਹੀਂ
ਸ਼ਮੂਲੀਅਤ ਅਤੇ ਆਪਣਾਪਣ
ਸਿਹਤ ਅਤੇ ਸੁਰੱਖਿਆ

# ਜ਼ੀਰੋ ਮਤਲਬ ਜ਼ੀਰੋ: ਕੋਈ ਵਿਤਕਰਾ ਜਾਂ ਪਰੇਸ਼ਾਨੀ ਨਹੀਂ

## ਇਹ ਕਿਉਂ ਮਹੱਤਵਪੂਰਨ ਹੈ।*

ਸਾਡੇ ਇੱਥੇ ਵਿਤਕਰੇ, ਪਰੇਸ਼ਾਨੀ, ਧੱਕੇਸ਼ਾਹੀ ਜਾਂ ਬਦਲਾਖੋਰੀ ਲਈ **ਕੋਈ ਵੀ ਗੁੰਜਾਇਸ਼ ਨਹੀਂ ਹੈ**।

Gap Inc. ਵਿੱਚ ਹਰ ਆਵਾਜ਼ ਅਹਿਮੀਅਤ ਰੱਖਦੀ ਹੈ। ਇਸੇ ਲਈ, ਅਸੀਂ ਅਜਿਹਾ ਸੱਭਿਆਚਾਰ ਬਣਾਉਣ ਲਈ ਵਚਨਬੱਧ ਹਾਂ ਜਿੱਥੇ ਹਰ ਕੋਈ ਆਪਣੇ ਆਪ ਨੂੰ ਮਹੱਤਵਪੂਰਨ, ਸਤਿਕਾਰਯੋਗ ਅਤੇ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਉਤਸ਼ਾਹਿਤ ਮਹਿਸੂਸ ਕਰੇ। ਅਸੀਂ ਇੱਕ ਦੂਜੇ ਨੂੰ ਸੁਣਦੇ ਹਾਂ, ਇਹੋ ਜਿਹੇ ਆਧਾਰ ਲੱਭਦੇ ਹਾਂ, ਜਿੱਥੇ ਸਾਰੇ ਇੱਕ ਦੂਜੇ ਨਾਲ ਰਾਜ਼ੀ ਹੋਣ ਅਤੇ ਸਹਿਯੋਗੀ ਟੀਮਾਂ ਬਣਾਉਣ ਲਈ ਆਪਣੀਆਂ ਕਦਰਾਂ-ਕੀਮਤਾਂ 'ਤੇ ਅਮਲ ਕਰਦੇ ਹਾਂ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਇੱਕ ਟੀਮ ਦੀ ਸੋਚ ਨਾਲ ਕੰਮ ਕਰਨਾ।** ਹਰ ਤਰ੍ਹਾਂ ਦੇ ਲੋਕਾਂ ਨਾਲ ਮਿਲ ਕੇ ਕੰਮ ਕਰਨ, ਉਨ੍ਹਾਂ ਦੇ ਵਿਚਾਰਾਂ ਨੂੰ ਸੁਣਨ ਅਤੇ ਕੰਮ ਕਰਨ ਦੇ ਤਰੀਕਿਆਂ ਨੂੰ ਅਪਣਾਉਣ ਪ੍ਰਤੀ ਸੁਚਾਰੂ ਰਵੱਈਆ ਅਪਣਾਓ — ਕਦੇ ਵੀ ਪਰੇਸ਼ਾਨ ਕਰਨ, ਵਿਤਕਰਾ ਕਰਨ ਜਾਂ ਬਦਲਾਖੋਰੀ ਦੇ ਰਾਹ ਉੱਤੇ ਨਾ ਪਵੋ। ਅਪਮਾਨਜਨਕ ਟਿੱਪਣੀਆਂ, ਅਣਚਾਹੇ ਸੁਝਾਅ ਜਾਂ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

**ਨਿਰਪੱਖ ਫੈਸਲੇ ਲਓ।** ਰੁਜ਼ਗਾਰ ਨਾਲ ਸੰਬੰਧਿਤ ਸਾਰੇ ਫ਼ੈਸਲੇ, ਜਿਵੇਂ ਕਿ ਭਰਤੀ, ਸਿਖਲਾਈ, ਤਰੱਕੀ, ਮੁਆਵਜ਼ਾ, ਸਮਾਂ-ਸਾਰਣੀ, ਅਨੁਸ਼ਾਸਨ ਅਤੇ ਬਰਖਾਸਤਗੀ, ਹੁਨਰ, ਤਜਰਬੇ ਅਤੇ ਪ੍ਰਦਰਸ਼ਨ ਦੇ ਆਧਾਰ 'ਤੇ ਕੀਤੇ ਜਾਣੇ ਹਨ ਅਤੇ ਇਹ ਕਦੇ ਵੀ ਕਿਸੇ ਵਿਅਕਤੀ ਦੀ ਸੁਰੱਖਿਅਤ ਸ਼੍ਰੇਣੀ ਜਾਂ ਸਥਿਤੀ ਦੇ ਆਧਾਰ 'ਤੇ ਨਹੀਂ ਲਏ ਜਾਣਗੇ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਸੀਂ ਪਰੇਸ਼ਾਨੀ, ਵਿਤਕਰੇ ਜਾਂ ਬਦਲਾਖੋਰੀ ਦਾ ਸਾਹਮਣਾ ਕੀਤਾ ਹੈ, ਤੁਹਾਨੂੰ ਆਪਣੇ ਨਾਲ ਅਜਿਹਾ ਹੁੰਦਾ ਜਾਪਦਾ ਹੈ ਜਾਂ ਤੁਸੀਂ ਇਹ ਹੁੰਦੇ ਦੇਖਿਆ ਹੈ, ਤਾਂ ਆਵਾਜ਼ ਉਠਾਓ! ਜੇਕਰ ਸੰਭਵ ਹੋਇਆ ਤਾਂ ਰਿਪੋਰਟਾਂ ਗੁਪਤ ਰੱਖੀਆਂ ਜਾਣਗੀਆਂ ਅਤੇ ਤੁਹਾਡੇ ਮੈਨੇਜਰ, ਅਗਲੇ ਪੱਧਰ ਦੇ ਮੈਨੇਜਰ, ਸਥਾਨਕ ਹਿਊਮਨ ਰਿਸੋਰਸਜ਼ ਸੰਪਰਕ, ਗਲੋਬਲ ਇੰਟੈਗਰਿਟੀ ਜਾਂ COBC ਆਪਣੀ ਆਵਾਜ਼ ਉਠਾਓ (Speak Up) ਹੌਟਲਾਈਨ ਨੂੰ ਸਪੁਰਦ ਕੀਤੀਆਂ ਜਾ ਸਕਦੀਆਂ ਹਨ।



## ਸੁਰੱਖਿਅਤ ਵਰਗ ਕੀ ਹਨ?

ਸੁਰੱਖਿਅਤ ਵਰਗਾਂ ਵਿੱਚ ਨਸਲ, ਜਾਤੀ, ਰੰਗ, ਉਮਰ, ਲਿੰਗ, ਲਿੰਗ ਪਛਾਣ, ਲਿੰਗ ਪ੍ਰਗਟਾਵਾ, ਜਿਨਸੀ ਰੁਝਾਨ, ਧਰਮ, ਮੱਤ, ਵਿਆਹੁਤਾ ਸਥਿਤੀ, ਗਰਭ ਅਵਸਥਾ (ਬੱਚੇ ਦੇ ਜਨਮ ਜਾਂ ਇਸ ਨਾਲ ਸੰਬੰਧਿਤ ਡਾਕਟਰੀ ਸਥਿਤੀਆਂ ਸਮੇਤ), ਕੌਮੀ ਮੂਲ/ਵੰਸ਼, ਨਾਗਰਿਕਤਾ, ਸਰੀਰਕ/ਮਾਨਸਿਕ ਅਪੰਗਤਾ, ਜੈਨੇਟਿਕ ਜਾਣਕਾਰੀ, ਡਾਕਟਰੀ ਸਥਿਤੀ, ਸਾਬਕਾ ਸੈਨਿਕ ਸਥਿਤੀ ਜਾਂ ਫੌਜੀ ਸਥਿਤੀ ਸ਼ਾਮਲ ਹਨ।

## ਜਿਨਸੀ ਪਰੇਸ਼ਾਨੀ ਕੀ ਹੁੰਦੀ ਹੈ?

ਜਿਨਸੀ ਪਰੇਸ਼ਾਨੀ ਵਿੱਚ ਇਹ ਸ਼ਾਮਲ ਹੋ ਸਕਦਾ ਹੈ:

- ਅਣਚਾਹੀਆਂ ਜਿਨਸੀ ਪੇਸ਼ਕਸ਼ਾਂ ਜਾਂ ਪ੍ਰਸਤਾਵ
- ਜਿਨਸੀ ਸਹੂਲਤਾਂ ਦੇ ਬਦਲੇ ਕਰੀਅਰ ਵਿੱਚ ਤਰੱਕੀ ਦੀ ਪੇਸ਼ਕਸ਼ ਕਰਨਾ
- ਜਿਨ੍ਹਾਂ ਵਿਅਕਤੀਆਂ ਨੇ ਜਿਨਸੀ ਪੇਸ਼ਕਸ਼ਾਂ ਨੂੰ ਠੁਕਰਾਇਆ ਹੋਵੇ, ਉਨ੍ਹਾਂ ਵਿਰੁੱਧ ਰੁਜ਼ਗਾਰ ਨਾਲ ਸੰਬੰਧਿਤ ਮਾੜੀ ਕਾਰਵਾਈ ਦੀ ਧਮਕੀ ਦੇਣਾ
- ਗ੍ਰਾਫ਼ਿਕ ਜਿਨਸੀ ਭਾਸ਼ਾ, ਅਸ਼ਲੀਲ ਟਿੱਪਣੀਆਂ ਅਤੇ ਚੁਟਕਲੇ
- ਜਿਨਸੀ ਪ੍ਰਵਿਰਤੀ ਵਾਲੀਆਂ ਫ਼ੋਟੋਆਂ, ਗ੍ਰਾਫ਼ਿਕ ਅਤੇ ਹੋਰ ਲਿਖਤੀ ਸਮੱਗਰੀ
- ਅਪਮਾਨਜਨਕ, ਨੀਵਾਂ ਦਿਖਾਉਣ ਵਾਲੀਆਂ ਜਾਂ ਜਿਨਸੀ ਤੌਰ 'ਤੇ ਉਕਸਾਉਣ ਵਾਲੀਆਂ ਟਿੱਪਣੀਆਂ ਜਾਂ ਸੁਨੇਹੇ
- ਇਤਰਾਜ਼ਯੋਗ ਇਸ਼ਾਰੇ
- ਜਿਨਸੀ ਸਹੂਲਤਾਂ ਜਾਂ ਡੇਟ 'ਤੇ ਜਾਣ ਲਈ ਅਣਚਾਹੀਆਂ ਬੇਨਤੀਆਂ
- ਅਣਚਾਹੀ ਸਰੀਰਕ ਸੰਪਰਕ, ਜਿਵੇਂ ਕਿ ਛੋਹਣਾ, ਹਮਲਾ ਕਰਨਾ ਅਤੇ ਰਸਤਾ ਰੋਕਣਾ ਜਾਂ ਆਉਣ-ਜਾਣ ਵਿੱਚ ਰੁਕਾਵਟ ਪਾਉਣਾ

Gap Inc. ਵਿਖੇ ਇਸ ਤਰ੍ਹਾਂ ਦਾ ਵਿਵਹਾਰ ਵਰਜਿਤ ਹੈ, ਜਿਵੇਂ ਕਿ ਗ੍ਰਾਫ਼ਿਕ ਸਮੱਗਰੀ ਪ੍ਰਦਰਸ਼ਿਤ ਕਰਨਾ ਜਾਂ ਕਿਸੇ ਨੂੰ ਪਰੇਸ਼ਾਨ ਕਰਨ ਲਈ ਈਮੇਲ, ਟੈਕਸਟ ਸੁਨੇਹਿਆਂ, ਸੋਸ਼ਲ ਮੀਡੀਆ ਜਾਂ ਹੋਰ ਡਿਜੀਟਲ ਸਾਧਨਾਂ ਦੀ ਵਰਤੋਂ ਕਰਨਾ, ਜਾਂ ਜਿਨਸੀ ਤੌਰ 'ਤੇ ਉਕਸਾਉਣ ਵਾਲੀਆਂ ਜਾਂ ਇਤਰਾਜ਼ਯੋਗ ਟਿੱਪਣੀਆਂ, ਚੁਟਕਲੇ, ਬੇਨਤੀਆਂ ਜਾਂ ਹੋਰ ਸੰਚਾਰ ਭੇਜਣਾ।

## ਪਰੇਸ਼ਾਨ ਕਰਨਾ ਜਾਂ ਪਰੇਸ਼ਾਨੀ ਕੀ ਹੁੰਦੀ ਹੈ?

ਗੈਰ-ਕਨੂੰਨੀ ਪਰੇਸ਼ਾਨੀ ਅਜਿਹਾ ਅਣਚਾਹਿਆ ਵਿਵਹਾਰ ਹੈ ਜੋ ਕਿਸੇ ਵਿਅਕਤੀ ਦੇ ਸੁਰੱਖਿਅਤ ਵਰਗ ਨੂੰ ਨਿਸ਼ਾਨਾ ਬਣਾ ਕੇ ਡਰਾਉਣਾ, ਦੁਸ਼ਮਣੀ ਭਰਿਆ ਜਾਂ ਅਪਮਾਨਜਨਕ ਮਾਹੌਲ ਪੈਦਾ ਕਰਦਾ ਹੈ। ਇਸ ਵਿਵਹਾਰ ਵਿੱਚ ਸਰੀਰਕ, ਮੌਖਿਕ, ਲਿਖਤੀ, ਇਲੈਕਟ੍ਰਾਨਿਕ ਜਾਂ ਆਨਲਾਈਨ/ਸੋਸ਼ਲ ਮੀਡੀਆ ਰਾਹੀਂ ਕੀਤਾ ਗਿਆ ਵਿਵਹਾਰ ਸ਼ਾਮਲ ਹੋ ਸਕਦਾ ਹੈ।

ਮੌਖਿਕ ਪਰੇਸ਼ਾਨੀ ਦੀਆਂ ਉਦਾਹਰਨਾਂ ਵਿੱਚ ਕਿਸੇ ਵਿਅਕਤੀ ਦੇ ਸੁਰੱਖਿਅਤ ਵਰਗ ਦੇ ਕਾਰਨ ਜਾਂ ਉਸ 'ਤੇ ਕੇਂਦ੍ਰਿਤ ਅਪਮਾਨਜਨਕ ਸ਼ਬਦ ਬੋਲਣੇ, ਨਸਲੀ ਟਿੱਪਣੀਆਂ ਕਰਨੀਆਂ, ਬੇਇੱਜ਼ਤੀ ਕਰਨੀ, ਚੁਟਕਲੇ ਸੁਣਾਉਣੇ, ਇਤਰਾਜ਼ਯੋਗ ਟਿੱਪਣੀਆਂ ਕਰਨੀਆਂ ਅਤੇ ਚਿੜਾਉਣਾ ਸ਼ਾਮਲ ਹੈ।

ਗੈਰ-ਮੌਖਿਕ ਪਰੇਸ਼ਾਨੀ ਇਲੈਕਟ੍ਰਾਨਿਕ ਜਾਂ ਕਿਸੇ ਹੋਰ ਰੂਪ ਵਿੱਚ ਹੋ ਸਕਦੀ ਹੈ ਅਤੇ ਇਸ ਵਿੱਚ ਅਜਿਹੇ ਪੋਸਟਰਾਂ, ਫ਼ੋਟੋਆਂ ਜਾਂ ਗ੍ਰਾਫ਼ਿਕ ਸਮੱਗਰੀ ਦੀ ਵੰਡ, ਪ੍ਰਦਰਸ਼ਨੀ ਜਾਂ ਚਰਚਾ ਸ਼ਾਮਲ ਹੋ ਸਕਦੀ ਹੈ ਜੋ ਕਿਸੇ ਵਿਅਕਤੀ ਦੇ ਸੁਰੱਖਿਅਤ ਵਰਗ ਨਾਲ ਸੰਬੰਧਿਤ ਹੋਣ ਕਾਰਨ ਉਸਦਾ ਮਜ਼ਾਕ ਉਡਾਉਂਦੀ ਹੈ, ਬੇਇਨਸਾਫ਼ੀ ਨਾਲ ਆਲੋਚਨਾ ਕਰਦੀ ਹੈ, ਅਪਮਾਨ ਕਰਦੀ ਹੈ, ਨੀਵਾਂ ਦਿਖਾਉਂਦੀ ਹੈ, ਜਾਂ ਉਸ ਪ੍ਰਤੀ ਦੁਸ਼ਮਣੀ, ਨਫ਼ਰਤ ਜਾਂ ਅਪਮਾਨ ਦਿਖਾਉਂਦੀ ਹੈ।

ਵਧੇਰੇ ਜਾਣਕਾਰੀ ਲਈ, ਇੱਥੇ ਦੇਖੋ: ਜ਼ੀਰੋ ਮਤਲਬ ਜ਼ੀਰੋ: ਕੋਈ ਵਿਤਕਰਾ ਜਾਂ ਪਰੇਸ਼ਾਨੀ ਨਹੀਂ ਦੀ ਨੀਤੀ | ਬਦਲਾਖੋਰੀ ਦੀ ਕੋਈ ਗੁੰਜਾਇਸ਼ ਨਹੀਂ ਦੀ ਨੀਤੀ

# ਸਵਾਲ ਅਤੇ ਜਵਾਬ

ਸਵਾਲ: ਮੇਰਾ ਮੈਨੇਜਰ ਸਾਡੇ ਕੰਮ ਵਾਲੀ ਥਾਂ 'ਤੇ ਅਜਿਹਾ ਸੰਗੀਤ ਵਜਾਉਂਦਾ ਹੈ ਜੋ ਮੇਰੀ ਇੱਕ ਸਹਿ-ਕਰਮੀ ਨੂੰ ਅਪਮਾਨਜਨਕ ਲੱਗਦਾ ਹੈ, ਪਰ ਉਹ ਆਪਣੀ ਪਰੇਸ਼ਾਨੀ ਦੀ ਰਿਪੋਰਟ ਕਰਕੇ ਕੋਈ ਮੁਸੀਬਤ ਖੜ੍ਹੀ ਨਹੀਂ ਕਰਨਾ ਚਾਹੁੰਦੀ। ਕੀ ਮੈਨੂੰ ਉਸਦੀ ਇੱਛਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਜਾਂ ਵਿਵਹਾਰ ਦੀ ਰਿਪੋਰਟ ਕਰਨੀ ਚਾਹੀਦੀ ਹੈ?

ਜਵਾਬ: ਤੁਹਾਨੂੰ ਸਾਡੇ COBC ਜਾਂ ਸਾਡੀਆਂ ਨੀਤੀਆਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਵਹਾਰ ਦੀ ਤੁਰੰਤ ਰਿਪੋਰਟ ਕਰਨੀ ਚਾਹੀਦੀ ਹੈ। ਤੁਸੀਂ ਸੂਚੀਬੱਧ ਕਿਸੇ ਵੀ ਆਪਣੀ ਆਵਾਜ਼ ਉਠਾਓ (Speak Up) ਸਰੋਤ ਤੋਂ ਸਹਾਇਤਾ ਲੈ ਸਕਦੇ ਹੋ, ਜਿਸ ਵਿੱਚ ਤੁਹਾਡਾ ਮੈਨੇਜਰ, ਅਗਲੇ ਪੱਧਰ ਦਾ ਮੈਨੇਜਰ, ਸਥਾਨਕ ਹਿਊਮਨ ਰਿਸੋਰਸਜ਼ ਸੰਪਰਕ, ਗਲੋਬਲ ਇੰਟੈਗਰਿਟੀ ਜਾਂ ਸਾਡੀ COBC ਆਪਣੀ ਆਵਾਜ਼ ਉਠਾਓ (Speak Up) ਹੌਟਲਾਈਨ ਸ਼ਾਮਲ ਹੈ।

ਸਵਾਲ: ਮੇਰੀ ਸਹਿ-ਕਰਮੀ ਔਰਤਾਂ ਬਾਰੇ ਚੁਟਕਲੇ ਸੁਣਾਉਂਦੀ ਹੈ। ਮੈਂ ਉਸਨੂੰ ਦੱਸਿਆ ਕਿ ਮੈਨੂੰ ਲੱਗਦਾ ਹੈ ਕਿ ਚੁਟਕਲੇ ਅਪਮਾਨਜਨਕ ਹਨ, ਪਰ ਉਹ ਕਹਿੰਦੀ ਹੈ ਕਿ ਕਿਉਂਕਿ ਉਹ ਖੁਦ ਔਰਤ ਹੈ, ਇਸ ਲਈ ਉਹ ਇਹ ਚੁਟਕਲੇ ਸੁਣਾ ਸਕਦੀ ਹੈ। ਕੀ ਮੈਂ ਕੁਝ ਕਰ ਸਕਦੀ ਹਾਂ?

ਜਵਾਬ: ਹਾਂ। ਤੁਹਾਨੂੰ ਇਸ ਵਿਵਹਾਰ ਦੀ ਰਿਪੋਰਟ ਆਪਣੇ ਮੈਨੇਜਰ ਜਾਂ ਹੋਰ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਨੂੰ ਕਰਨੀ ਚਾਹੀਦੀ ਹੈ। Gap Inc. ਸਾਡੇ ਕੰਮ ਵਾਲੀ ਥਾਂ 'ਤੇ ਅਣਉਚਿਤ ਚੁਟਕਲਿਆਂ ਜਾਂ ਅਪਮਾਨਜਨਕ ਟਿੱਪਣੀਆਂ ਨੂੰ ਬਰਦਾਸ਼ਤ ਨਹੀਂ ਕਰਦਾ ਹੈ।

ਸਵਾਲ: ਮੇਰਾ ਸਹਿ-ਕਰਮੀ ਮੈਨੂੰ ਆਪਣੀਆਂ ਜਿਨਸੀ ਗਤੀਵਿਧੀਆਂ ਬਾਰੇ ਦੱਸਦਾ ਹੈ ਅਤੇ ਮੇਰੇ ਜਿਨਸੀ ਜੀਵਨ ਬਾਰੇ ਅਣਉਚਿਤ ਸਵਾਲ ਪੁੱਛਦਾ ਹੈ। ਇਹ ਮੈਨੂੰ ਅਸਹਿਜ ਮਹਿਸੂਸ ਕਰਾਉਂਦਾ ਹੈ, ਪਰ ਉਸਨੇ ਮੈਨੂੰ ਡੇਟ ਲਈ ਨਹੀਂ ਕਿਹਾ ਅਤੇ ਨਾ ਹੀ ਮੈਨੂੰ ਛੋਹਿਆ ਹੈ। ਕੀ ਇਹ ਵਿਵਹਾਰ ਸਾਡੀ ਨੀਤੀ ਦੇ ਵਿਰੁੱਧ ਹੈ?

ਜਵਾਬ: ਹਾਂ। ਜਿਨਸੀ ਵਿਵਹਾਰ ਬਾਰੇ ਕੋਈ ਵੀ ਅਣਚਾਹੀ ਚਰਚਾ ਸ਼ਾਮਲ ਕਰਨ ਵਾਲਾ ਕੋਈ ਵੀ ਆਚਰਣ ਅਣਉਚਿਤ ਹੈ ਅਤੇ ਸਾਡੇ COBC ਅਤੇ ਸਾਡੀਆਂ ਨੀਤੀਆਂ ਦੀ ਉਲੰਘਣਾ ਕਰਦਾ ਹੈ। ਤੁਹਾਨੂੰ ਇਸ ਵਿਵਹਾਰ ਦੀ ਰਿਪੋਰਟ ਆਪਣੇ ਮੈਨੇਜਰ ਜਾਂ ਹੋਰ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਨੂੰ ਕਰਨੀ ਚਾਹੀਦੀ ਹੈ।

# ਸ਼ਮੂਲੀਅਤ ਅਤੇ ਆਪਣਾਪਣ



## ਇਹ ਕਿਉਂ ਮਹੱਤਵਪੂਰਨ ਹੈ।

Gap Inc. ਵਿਖੇ, ਅਸੀਂ ਆਪਣੇ ਕਰਮਚਾਰੀਆਂ, ਗਾਹਕਾਂ ਅਤੇ ਭਾਈਚਾਰਿਆਂ ਵਿੱਚ ਆਪਸੀ ਸਾਂਝ ਅਤੇ ਸਵੀਕ੍ਰਿਤੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹਾਂ। 1969 ਵਿੱਚ ਸਾਡੀ ਸ਼ੁਰੂਆਤ ਤੋਂ ਹੀ, ਸ਼ਮੂਲੀਅਤ ਅਤੇ ਆਪਣਾਪਣ ਸਾਡੀ ਕਾਰੋਬਾਰੀ ਰਣਨੀਤੀ ਦਾ ਅਨਿੱਖੜਵਾਂ ਅੰਗ ਰਹੇ ਹਨ। ਸਾਡਾ ਮੰਨਣਾ ਹੈ ਕਿ ਜਦੋਂ ਤੁਸੀਂ ਸ਼ਮੂਲੀਅਤ ਨੂੰ ਆਵੱਸ਼ਕ ਬਣਾ ਲੈਂਦੇ ਹੋ, ਤਾਂ ਇਹ ਸਾਡੇ ਵਿਚਕਾਰ ਦੇ ਅੰਤਰ ਨੂੰ ਭਰ ਦਿੰਦਾ ਹੈ ਅਤੇ ਸਾਡੇ ਸਾਹਮਣੇ ਬਿਅੰਤ ਸੰਭਾਵਨਾਵਾਂ ਉਜਾਗਰ ਹੋ ਜਾਂਦੀਆਂ ਹਨ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਸਾਡੇ ਵਿਚਕਾਰਲੇ ਵਖਰੇਵਿਆਂ ਨੂੰ ਅਪਣਾਓ।** ਅਜਿਹਾ ਮਾਹੌਲ ਸਿਰਜਣਾ ਜਿੱਥੇ ਹਰ ਕੋਈ ਆਪਣਾਪਣ ਮਹਿਸੂਸ ਕਰੇ ਅਤੇ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਲੋੜੀਂਦੇ ਸਾਧਨਾਂ ਨਾਲ ਲੈਸ ਹੋਵੇ। ਦੂਜਿਆਂ ਦੀ ਗੱਲ ਸੁਣੋ ਅਤੇ ਸਾਂਝੇ ਨੁਕਤੇ ਲੱਭੋ। ਯਾਦ ਰੱਖੋ ਕਿ ਤੁਹਾਡੇ ਨਾਲ ਕੰਮ ਕਰਨ ਵਾਲਾ ਹਰ ਵਿਅਕਤੀ ਸਾਡੀ ਸਾਂਝੀ ਸਫਲਤਾ ਵਿੱਚ ਹਿੱਸੇਦਾਰ ਹੈ, ਅਤੇ ਸਾਡੇ ਸਮੂਹਿਕ ਕਾਰਜ ਵਿੱਚ ਪਾਇਆ ਗਿਆ ਹਰ ਯੋਗਦਾਨ ਬਹੁਤ ਮਹੱਤਵਪੂਰਨ ਹੈ।

## ਸਵਾਲ ਅਤੇ ਜਵਾਬ

ਸਵਾਲ: ਇੱਕ ਪੀਪਲ ਲੀਡਰ ਵਜੋਂ, ਮੈਂ ਆਪਣੀ ਟੀਮ ਲਈ ਸਰਗਰਮੀ ਨਾਲ ਸਮਾਵੇਸ਼ੀ ਕਾਰਜ ਸਥਾਨ ਕਿਵੇਂ ਤਿਆਰ ਕਰ ਸਕਦਾ/ਸਕਦੀ ਹਾਂ ਅਤੇ ਇਹ ਕਿਵੇਂ ਸੰਕੇਤ ਦੇ ਸਕਦਾ/ਸਕਦੀ ਹਾਂ ਕਿ ਇੱਕ ਲੀਡਰ ਵਜੋਂ ਇਹ ਮੇਰੀ ਤਰਜੀਹ ਹੈ?

ਜਵਾਬ: ਯਾਦ ਰੱਖੋ ਕਿ ਭਾਵੇਂ ਸਾਡੀਆਂ ਕਦਰਾਂ-ਕੀਮਤਾਂ ਸਾਡੇ ਹਰ ਕੰਮ ਲਈ ਦਿਸ਼ਾ ਪ੍ਰਦਾਨ ਕਰਦੀਆਂ ਹਨ, ਪਰ ਸਾਡਾ ਕਦਰਾਂ-ਕੀਮਤਾਂ-ਆਧਾਰਿਤ ਲੀਡਰਸ਼ਿਪ ਵਿਵਹਾਰ ਇਹ ਨਿਰਧਾਰਿਤ ਕਰਦਾ ਹੈ ਕਿ ਤੁਸੀਂ ਹਰ ਰੋਜ਼ ਕਿਵੇਂ ਕੰਮ ਕਰਦੇ ਹੋ ਅਤੇ ਆਪਣੀ ਪਛਾਣ ਕਿਵੇਂ ਬਣਾਉਂਦੇ ਹੋ। ਇਸ ਗੱਲ 'ਤੇ ਵਿਚਾਰ ਕਰੋ ਕਿ ਚੀਜ਼ਾਂ ਤੁਹਾਡੀ ਟੀਮ ਦੇ ਨਜ਼ਰੀਏ ਤੋਂ ਕਿਵੇਂ ਦਿਖਾਈ ਦਿੰਦੀਆਂ ਹਨ। ਖੁੱਲ੍ਹੇ ਮਨ ਨਾਲ ਸੁਣੋ। ਵਿਭਿੰਨਤਾਵਾਂ ਨੂੰ ਅਪਣਾਓ ਅਤੇ ਇਹ ਮੰਨੋ ਕਿ ਇਹੀ ਅੰਤਰ ਰਚਨਾਤਮਕਤਾ ਅਤੇ ਨਵੀਨਤਾ ਨੂੰ ਜਨਮ ਦਿੰਦੇ ਹਨ। ਟੀਮ ਦੇ ਮੈਂਬਰਾਂ ਦੇ ਯੋਗਦਾਨ ਦਾ ਸਨਮਾਨ ਕਰੋ। ਆਪਣੀ ਸਵੈ-ਜਾਗਰੂਕਤਾ ਵਧਾ ਕੇ, ਦੂਜਿਆਂ ਨਾਲ ਉਤਸੁਕਤਾ ਅਤੇ ਹਮਦਰਦੀ ਨਾਲ ਪੇਸ਼ ਆਓ ਅਤੇ ਫੀਡਬੈਕ ਮੰਗ ਕੇ ਭਰੋਸੇਮੰਦ ਮਾਹੌਲ ਪੈਦਾ ਕਰੋ। ਜਦੋਂ ਤੁਹਾਡੀ ਟੀਮ ਤੁਹਾਨੂੰ ਇਹ ਵਿਵਹਾਰ ਅਮਲ ਵਿੱਚ ਲਿਆਉਂਦੇ ਹੋਏ ਦੇਖੇਗੀ, ਤਾਂ ਉਹ ਸਮਝ ਜਾਣਗੇ ਕਿ ਇਹ ਤੁਹਾਡੀ ਪ੍ਰਮੁੱਖ ਤਰਜੀਹ ਹੈ।

ਸਵਾਲ: ਮੈਂ ਸਮਾਵੇਸ਼ੀ ਟੀਮਾਂ ਵਿੱਚ ਵਿਸ਼ਵਾਸ ਰੱਖਦਾ/ਰੱਖਦੀ ਹਾਂ ਅਤੇ ਚਾਹੁੰਦਾ/ਚਾਹੁੰਦੀ ਹਾਂ ਕਿ ਹਰ ਕੋਈ Gap Inc. ਵਿੱਚ ਆਪਣੇਪਣ ਦਾ ਅਹਿਸਾਸ ਕਰੇ, ਪਰ ਮੈਂ ਮੈਨੇਜਰ ਨਹੀਂ ਹਾਂ। ਮੈਂ ਸ਼ਮੂਲੀਅਤ ਅਤੇ ਆਪਣੇਪਣ ਦੀ ਭਾਵਨਾ ਨੂੰ ਕਿਵੇਂ ਵਧਾ ਸਕਦਾ/ਸਕਦੀ ਹਾਂ?

ਜਵਾਬ: Gap Inc. ਵਿੱਚ ਸ਼ਮੂਲੀਅਤ ਅਤੇ ਆਪਣੇਪਣ ਦੀ ਭਾਵਨਾ ਨੂੰ ਬਰਕਰਾਰ ਰੱਖਣ ਵਿੱਚ ਅਸੀਂ ਸਾਰੇ ਭੂਮਿਕਾ ਨਿਭਾਉਂਦੇ ਹਾਂ। ਹਰ ਕਰਮਚਾਰੀ ਅਜਿਹੇ ਸਮਾਵੇਸ਼ੀ ਵਿਵਹਾਰ ਨੂੰ ਪ੍ਰਗਟ ਕਰ ਸਕਦਾ ਹੈ, ਅਪਣਾ ਸਕਦਾ ਹੈ ਅਤੇ ਉਤਸ਼ਾਹਿਤ ਕਰ ਸਕਦਾ ਹੈ ਜੋ ਦੂਜਿਆਂ ਨੂੰ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਸਮਰੱਥ ਬਣਾਉਂਦਾ ਹੈ। ਤੁਸੀਂ ਹੋਰਾਂ ਦੇ ਵਿਚਾਰਾਂ ਅਤੇ ਨਜ਼ਰੀਏ ਨੂੰ ਸੁਣ ਕੇ, ਚੰਗੇ ਕੰਮ ਦੀ ਸ਼ਲਾਘਾ ਕਰਕੇ, ਮਦਦ ਮਿਲਣ 'ਤੇ ਧੰਨਵਾਦ ਪ੍ਰਗਟ ਕਰਕੇ, ਅਤੇ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰਦਿਆਂ ਤੇ ਉਨ੍ਹਾਂ ਨੂੰ ਹਰ ਗੱਲ 'ਚ ਸ਼ਾਮਲ ਰੱਖ ਕੇ ਇਸ ਨੂੰ ਪ੍ਰਭਾਵਸ਼ਾਲੀ ਬਣਾ ਸਕਦੇ ਹੋ। ਆਪਣੇ ਆਪ ਪ੍ਰਤੀ ਸੁਚੇਤ ਰਹੋ ਅਤੇ ਹਮੇਸ਼ਾਂ ਇਹ ਧਿਆਨ ਵਿੱਚ ਰੱਖੋ ਕਿ ਤੁਹਾਡੇ ਸ਼ਬਦਾਂ ਜਾਂ ਕੰਮਾਂ ਦਾ ਦੂਜਿਆਂ 'ਤੇ ਕੀ ਅਸਰ ਪੈ ਸਕਦਾ ਹੈ।

ਭਾਵੇਂ ਤੁਸੀਂ ਇੱਕ ਟੀਮ ਲੀਡਰ ਹੋ ਜਾਂ ਵਿਅਕਤੀਗਤ ਭਾਗੀਦਾਰ, ਵਾਧੂ ਸਹਾਇਤਾ ਲਈ ਤੁਸੀਂ ਹਮੇਸ਼ਾਂ ਆਪਣੇ ਮੈਨੇਜਰ ਜਾਂ HR ਨਾਲ ਸੰਪਰਕ ਕਰ ਸਕਦੇ ਹੋ।

# ਸਿਹਤ ਅਤੇ ਸੁਰੱਖਿਆ

## ਇਹ ਕਿਉਂ ਮਹੱਤਵਪੂਰਨ ਹੈ।

ਅਸੀਂ ਸਾਰੇ ਕਰਮਚਾਰੀਆਂ, ਗਾਹਕਾਂ, ਵਿਕਰੇਤਾਵਾਂ ਅਤੇ ਹੋਰ ਤੀਜੀਆਂ ਧਿਰਾਂ ਲਈ ਸੁਰੱਖਿਅਤ ਅਤੇ ਸਿਹਤਮੰਦ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹਾਂ।

## ਤੁਹਾਡੀਆਂ ਜ਼ਿੰਮੇਵਾਰੀਆਂ।

ਅਸੀਂ ਸੁਰੱਖਿਆ ਪ੍ਰਤੀ ਇੱਕ ਸਖ਼ਤ ਪਹੁੰਚ ਅਪਣਾਉਂਦੇ ਹਾਂ, ਜਿਸ ਵਿੱਚ ਸਟੋਰ ਅਤੇ ਵੇਅਰਹਾਊਸ ਦਾ ਡਿਜ਼ਾਈਨ ਅਤੇ ਖਾਕਾ ਵੀ ਸ਼ਾਮਲ ਹੈ। ਸਾਰੇ ਜੋਖਮਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ, ਇਸ ਲਈ ਅਸੀਂ ਕੰਮ ਵਾਲੀ ਥਾਂ 'ਤੇ ਜੋਖਮਾਂ ਨੂੰ ਘਟਾਉਣ ਲਈ ਸਹੀ ਇੰਜੀਨੀਅਰਿੰਗ ਨਿਯੰਤਰਣਾਂ, ਕਰਮਚਾਰੀਆਂ ਦੀ ਸਿੱਖਿਆ, ਨਿੱਜੀ ਸੁਰੱਖਿਆ ਉਪਕਰਣਾਂ ਅਤੇ ਸੁਰੱਖਿਆ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਵਰਤੋਂ ਕਰਦੇ ਹਾਂ।

**ਸੁਰੱਖਿਅਤ ਰਹੋ।** ਇੱਕ ਸੁਰੱਖਿਅਤ ਕੰਮ ਵਾਲੀ ਥਾਂ ਸਕਾਰਾਤਮਕ ਅਤੇ ਉਤਪਾਦਕ ਕੰਮ ਵਾਲੀ ਥਾਂ ਹੁੰਦੀ ਹੈ। Gap Inc. ਦੇ ਸਾਰੇ ਟਿਕਾਣਿਆਂ 'ਤੇ ਖ਼ਤਰਿਆਂ ਦੀ ਰਿਪੋਰਟ ਕਰਨਾ, ਕਿਸੇ ਵੀ ਅਸੁਰੱਖਿਅਤ ਸਥਿਤੀ ਬਾਰੇ ਆਵਾਜ਼ ਉਠਾਉਣਾ ਅਤੇ ਸੁਰੱਖਿਆ ਨੀਤੀਆਂ, ਪ੍ਰਕਿਰਿਆਵਾਂ ਅਤੇ ਪ੍ਰੋਟੋਕੋਲਾਂ ਦੀ ਪਾਲਣਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ। ਹਿੰਸਾ ਜਾਂ ਡਰਾਉਣ-ਧਮਕਾਉਣ ਦੀ ਕਿਸੇ ਵੀ ਧਮਕੀ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ ਅਤੇ ਇਸਦੀ ਰਿਪੋਰਟ ਤੁਰੰਤ ਕੀਤੀ ਜਾਣੀ ਚਾਹੀਦੀ ਹੈ।

Gap Inc. ਕੋਲ **ਕੰਮ ਵਾਲੀ ਥਾਂ 'ਤੇ ਹਿੰਸਾ ਲਈ ਕੋਈ ਗੁੰਜਾਇਸ਼ ਨਹੀਂ ਹੈ।** ਕਿਸੇ ਵੀ ਕਰਮਚਾਰੀ ਜਾਂ ਗੈਰ-ਕਰਮਚਾਰੀ ਦੁਆਰਾ ਸਰੀਰਕ ਹਿੰਸਾ ਦੀ ਕੋਈ ਵੀ ਕਾਰਵਾਈ ਜਾਂ ਧਮਕੀ, ਜਿਸ ਵਿੱਚ ਡਰਾਉਣਾ-ਧਮਕਾਉਣਾ, ਪਰੇਸ਼ਾਨ ਕਰਨਾ ਅਤੇ/ਜਾਂ ਜ਼ਬਰਦਸਤੀ ਸ਼ਾਮਲ ਹੋਵੇ, ਜੋ ਸਾਡੇ ਕਰਮਚਾਰੀਆਂ, ਕੰਪਨੀ ਜਾਂ ਕੰਪਨੀ ਦੀ ਜਾਇਦਾਦ ਨੂੰ ਪ੍ਰਭਾਵਿਤ ਕਰਦੀ ਹੋਵੇ, ਜਾਂ ਇੱਕ ਅਪਮਾਨਜਨਕ ਜਾਂ ਅਸੁਰੱਖਿਅਤ ਕੰਮ ਦਾ ਮਾਹੌਲ ਪੈਦਾ ਕਰਦੀ ਹੋਵੇ, ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਸਦੀ ਰਿਪੋਰਟ ਤੁਰੰਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

**ਨਿਯਮਾਂ ਦੀ ਪਾਲਣਾ ਕਰੋ।** ਇਹ ਉਮੀਦ ਕੀਤੀ ਜਾਂਦੀ ਹੈ ਕਿ ਸਾਰੇ ਕਰਮਚਾਰੀ ਸੱਟਾਂ ਨੂੰ ਰੋਕਣ ਅਤੇ ਉਨ੍ਹਾਂ ਦਾ ਤੁਰੰਤ ਇਲਾਜ ਕਰਨ ਲਈ ਸਰਗਰਮੀ ਨਾਲ ਕੰਮ ਕਰਨ, ਅਤੇ ਸਾਡੀਆਂ ਘਟਨਾਵਾਂ ਦੀ ਜਾਂਚ ਅਤੇ ਰਿਪੋਰਟਿੰਗ ਪ੍ਰਕਿਰਿਆਵਾਂ ਦੀ ਪਾਲਣਾ ਕਰਨ।

ਵਿਕਰੇਤਾਵਾਂ ਅਤੇ ਤੀਜੀਆਂ ਧਿਰਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ Gap Inc. ਕੋਡ ਆਫ਼ ਵੇਂਡਰ ਕੰਡਕਟ ਅਤੇ ਸੰਬੰਧਿਤ ਵਾਤਾਵਰਣ ਸੰਬੰਧੀ ਕਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨ, ਆਪਣੀ ਊਰਜਾ ਦੀ ਵਰਤੋਂ ਅਤੇ ਪਾਣੀ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਪ੍ਰਬੰਧਨ ਕਰਨ, ਅਤੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਵਿਰੁੱਧ ਸਰਗਰਮੀ ਨਾਲ ਸੁਰੱਖਿਆ ਕਰਨ।



**ਨਸ਼ਾ-ਮੁਕਤ ਅਤੇ ਸ਼ਰਾਬ-ਮੁਕਤ ਹੋ ਕੇ ਕੰਮ ਕਰੋ।** ਨਸ਼ੇ ਜਾਂ ਸ਼ਰਾਬ ਦਾ ਸੇਵਨ ਤੁਹਾਡੇ ਨਿਰਣੇ ਅਤੇ ਸੁਰੱਖਿਅਤ ਢੰਗ ਨਾਲ ਕੰਮ ਕਰਨ ਦੀ ਤੁਹਾਡੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਕੰਮ ਦੇ ਦੌਰਾਨ ਜਾਂ Gap Inc. ਦਾ ਕੰਮ ਕਰਦੇ ਸਮੇਂ, ਤੁਹਾਨੂੰ ਕਿਸੇ ਵੀ ਅਜਿਹੇ ਪਦਾਰਥ ਨੂੰ ਰੱਖਣ, ਤਬਦੀਲ ਕਰਨ, ਖਰੀਦਣ, ਵੇਚਣ ਜਾਂ ਵਰਤਣ (ਜਦੋਂ ਤੱਕ ਕਿ ਕਿਸੇ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਨਿਰਧਾਰਿਤ ਨਾ ਕੀਤਾ ਗਿਆ ਹੋਵੇ) ਤੋਂ ਸਖ਼ਤੀ ਨਾਲ ਮਨਾਹੀ ਹੈ ਜੋ ਤੁਹਾਡੇ ਨਿਰਣੇ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜਿਸ ਵਿੱਚ ਸ਼ਰਾਬ, ਕੈਨਾਬਿਸ, ਨਿਯੰਤਰਿਤ ਪਦਾਰਥ ਅਤੇ ਗੈਰ-ਕਨੂੰਨੀ ਨਸ਼ੀਲੇ ਪਦਾਰਥ ਸ਼ਾਮਲ ਹਨ, ਪਰ ਇਹ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ। ਕੰਮ ਦੇ ਘੰਟਿਆਂ ਦੌਰਾਨ ਅਤੇ/ਜਾਂ Gap Inc. ਦੀ ਬਿਲਡਿੰਗ ਜਾਂ ਚਾਰ ਦਿਵਾਰੀ ਵਿੱਚ ਸ਼ਰਾਬ ਪੀਣ ਜਾਂ ਕੋਲ ਰੱਖਣ ਦੀ ਇਜਾਜ਼ਤ ਸਿਰਫ਼ ਉਦੋਂ ਹੀ ਹੈ ਜੇਕਰ ਤੁਸੀਂ ਸ਼ਰਾਬ ਪੀਣ ਦੀ ਕਨੂੰਨੀ ਉਮਰ ਦੇ ਹੋ ਅਤੇ ਕਿਸੇ ਅਧਿਕਾਰਿਤ ਕੰਪਨੀ-ਪ੍ਰਾਯੋਜਿਤ ਸਮਾਗਮ ਵਿੱਚ ਸ਼ਾਮਲ ਹੋ ਰਹੇ ਹੋ।

**ਇਸ ਦੀ ਰਿਪੋਰਟ ਕਰੋ।** ਕੰਮ ਵਾਲੀ ਥਾਂ 'ਤੇ ਪਾਈਆਂ ਗਈਆਂ ਸਾਰੀਆਂ ਅਸੁਰੱਖਿਅਤ ਸਥਿਤੀਆਂ ਜਾਂ ਖ਼ਤਰਿਆਂ ਦੀ ਤੁਰੰਤ ਰਿਪੋਰਟ ਆਪਣੇ ਮੈਨੇਜਰ, ਜੋਖਮ ਪ੍ਰਬੰਧਨ ਸੇਫਟੀ ਕੰਸਰਨਜ਼ ਹੌਟਲਾਈਨ (1-800-333-7899 x73330), ਜੋਖਮ ਪ੍ਰਬੰਧਨ ਵਿਭਾਗ ਜਾਂ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਨੂੰ ਕੀਤੀ ਜਾਣੀ ਚਾਹੀਦੀ ਹੈ। ਕੰਮ ਵਾਲੀ ਥਾਂ 'ਤੇ ਅਸੁਰੱਖਿਅਤ ਸਥਿਤੀਆਂ ਦੀ ਰਿਪੋਰਟ ਕਰਨ ਲਈ ਕਰਮਚਾਰੀਆਂ ਨੂੰ ਕੋਈ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਹੋਰ ਵੇਰਵਿਆਂ ਲਈ, ਇਨ੍ਹਾਂ ਨੂੰ ਦੇਖੋ: ਵਰਕਪਲੇਸ ਵਾਇਲੈਂਸ ਪ੍ਰੀਵੈਂਸ਼ਨ ਪਾਲਿਸੀ
ਕੋਡ ਆਫ਼ ਵੈਂਡਰ ਕੰਡਕਟ | ਜੋਖਮ ਪ੍ਰਬੰਧਨ ਅਤੇ ਸੁਰੱਖਿਆ

## ਸਵਾਲ ਅਤੇ ਜਵਾਬ

ਸਵਾਲ: ਸਾਡੇ ਸਟੋਰ ਦੇ ਪਿਛਲੇ ਪਾਸੇ ਵਾਲਾ ਬਾਹਰੀ ਦਰਵਾਜ਼ਾ ਖੁੱਲ੍ਹਾ ਨਹੀਂ ਰਹਿੰਦਾ, ਇਸ ਲਈ ਕੰਮ ਦੌਰਾਨ ਸਾਨੂੰ ਕਈ ਵਾਰ ਇਸਨੂੰ ਸਹਾਰਾ ਦੇ ਕੇ ਖੁੱਲ੍ਹੇ ਰੱਖਣਾ ਪੈਂਦਾ ਹੈ। ਕੀ ਇਹ ਕੋਈ ਸਮੱਸਿਆ ਹੈ?

ਜਵਾਬ: ਹਾਂ। ਅਸੀਂ ਹਰ ਸਮੇਂ ਇੱਕ ਸੁਰੱਖਿਅਤ ਮਾਹੌਲ ਬਣਾਈ ਰੱਖਣਾ ਚਾਹੁੰਦੇ ਹਾਂ, ਇਸ ਲਈ ਤੁਹਾਨੂੰ ਕਿਸੇ ਵੀ ਖ਼ਤਰੇ, ਜਿਵੇਂ ਕਿ ਟੁੱਟਿਆ ਹੋਇਆ ਦਰਵਾਜ਼ਾ ਜਾਂ ਉਪਕਰਣ, ਬਾਰੇ ਆਪਣੇ ਮੈਨੇਜਰ, ਜੋਖਮ ਪ੍ਰਬੰਧਨ ਵਿਭਾਗ ਜਾਂ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਨੂੰ ਜ਼ਰੂਰ ਸੂਚਿਤ ਕਰਨਾ ਚਾਹੀਦਾ ਹੈ।



# ਹਿੱਤਾਂ ਦਾ ਟਕਰਾਅ

ਹਿੱਤਾਂ ਦਾ ਟਕਰਾਅ
ਤੋਹਫ਼ੇ ਅਤੇ ਮਨੋਰੰਜਨ

# ਹਿੱਤਾਂ ਦਾ ਟਕਰਾਅ

## ਇਹ ਕਿਉਂ ਮਹੱਤਵਪੂਰਨ ਹੈ।*

ਅਸੀਂ ਆਪਣੀ ਕੰਪਨੀ ਦੀ ਸ਼ਾਖ ਨੂੰ ਬਣਾਏ ਰੱਖਣ ਅਤੇ ਸੁਰੱਖਿਅਤ ਰੱਖਣ ਲਈ ਅਣਥੱਕ ਮਿਹਨਤ ਕਰਦੇ ਹਾਂ। ਇਸ ਕੰਮ ਦਾ ਇੱਕ ਹਿੱਸਾ ਇਹ ਯਕੀਨੀ ਬਣਾਉਣਾ ਹੈ ਕਿ ਨਿੱਜੀ ਹਿੱਤ, ਕਾਰਵਾਈਆਂ ਜਾਂ ਸਥਿਤੀਆਂ Gap Inc. ਦੇ ਹਿੱਤਾਂ ਨਾਲ ਟਕਰਾਉਂਦੀਆਂ ਜਾਂ ਮੁਕਾਬਲਾ ਨਾ ਕਰਦੀਆਂ ਹੋਣ, ਤੁਹਾਡੀ ਸੂਝ-ਬੂਝ ਨੂੰ ਪ੍ਰਭਾਵਿਤ ਨਾ ਕਰਦੀਆਂ ਹੋਣ, ਜਾਂ ਤੁਹਾਡੇ ਵਪਾਰਕ ਫ਼ੈਸਲੇ ਲੈਣ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਨਾ ਕਰਦੀਆਂ ਹੋਣ।

ਯਾਦ ਰੱਖੋ ਕਿ **ਹਿੱਤਾਂ ਦੇ ਟਕਰਾਅ** ਦਾ ਭੁਲੇਖਾ ਵੀ Gap Inc. ਦੀ ਸ਼ਾਖ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਹਿੱਤਾਂ ਦੇ ਟਕਰਾਅ ਵੱਲ ਧਿਆਨ ਰੱਖੋ।** ਉਨ੍ਹਾਂ ਸਥਿਤੀਆਂ ਤੋਂ ਸੁਚੇਤ ਰਹੋ ਜਿੱਥੇ ਤੁਹਾਡੇ ਨਿੱਜੀ ਹਿੱਤ ਜਾਂ ਤੁਹਾਡੇ ਨਜ਼ਦੀਕੀ ਲੋਕਾਂ ਦੇ ਹਿੱਤ Gap Inc. ਦੇ ਹਿੱਤਾਂ ਨਾਲ ਟਕਰਾ ਸਕਦੇ ਹੋਣ। ਕਦੇ ਵੀ Gap Inc. ਵਿੱਚ ਆਪਣੀ ਸਥਿਤੀ ਦੀ ਵਰਤੋਂ ਆਪਣੇ ਨਿੱਜੀ ਹਿੱਤਾਂ ਜਾਂ ਦੋਸਤਾਂ ਅਤੇ ਪਰਿਵਾਰ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਨਾ ਕਰੋ।

**ਸਾਡੀਆਂ ਨੀਤੀਆਂ ਨੂੰ ਸਮਝੋ।** ਹਿੱਤਾਂ ਦੇ ਟਕਰਾਅ ਬਾਰੇ ਸਾਡੀ ਨੀਤੀ ਅਤੇ ਤੁਹਾਡੀਆਂ ਖੁਲਾਸਾ ਕਰਨ ਦੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਰਹੋ।

**ਖੁਲਾਸਾ ਕਰੋ।** ਜਦੋਂ ਤੁਹਾਨੂੰ ਕਿਸੇ ਸੰਭਾਵੀ ਟਕਰਾਅ ਬਾਰੇ ਪਤਾ ਲੱਗਦਾ ਹੈ, ਤਾਂ ਤੁਰੰਤ ਆਪਣੇ ਮੈਨੇਜਰ, ਹਿਊਮਨ ਰਿਸੋਰਸਿਜ਼ ਜਾਂ ਗਲੋਬਲ ਇੰਟੈਗਰਿਟੀ ਕੋਲ ਇਹ ਮੁੱਦਾ ਚੁੱਕੋ। ਜ਼ਿਆਦਾਤਰ ਮਾਮਲਿਆਂ ਵਿੱਚ, ਸੰਭਾਵੀ ਟਕਰਾਅ ਨੂੰ ਖੁੱਲ੍ਹੀ ਅਤੇ ਇਮਾਨਦਾਰ ਗੱਲਬਾਤ ਨਾਲ ਹੱਲ ਕੀਤਾ ਜਾ ਸਕਦਾ ਹੈ।



# ਸਵਾਲ ਅਤੇ ਜਵਾਬ

ਸਵਾਲ: ਜੋ ਲੋਕ ਮੇਰੇ ਅਧੀਨ ਕੰਮ ਕਰਦੇ ਹਨ, ਉਨ੍ਹਾਂ ਵਿੱਚੋਂ ਕਈ ਸਮਾਜਿਕ ਸਮਾਗਮਾਂ ਲਈ ਨਿਯਮਿਤ ਤੌਰ 'ਤੇ ਇਕੱਠੇ ਹੁੰਦੇ ਹਨ, ਅਤੇ ਉਨ੍ਹਾਂ ਨੇ ਮੈਨੂੰ ਵੀ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ। ਕੀ ਇਹ ਸਹੀ ਹੈ?

ਜਵਾਬ: ਹਾਂ, ਪਰ ਤੁਹਾਨੂੰ ਚੰਗੀ ਸੂਝ-ਬੂਝ ਵਰਤਣੀ ਚਾਹੀਦੀ ਹੈ ਅਤੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਨਿੱਜੀ ਰਿਸ਼ਤੇ ਕਿਵੇਂ ਅਸਲ ਜਾਂ ਕਥਿਤ ਹਿੱਤਾਂ ਦੇ ਟਕਰਾਅ ਪੈਦਾ ਕਰ ਸਕਦੇ ਹਨ। ਮੈਨੇਜਰ ਵਜੋਂ, ਤੁਹਾਨੂੰ ਨਿਰਪੱਖ ਅਤੇ ਬੇਲਾਗ ਰਹਿਣਾ ਚਾਹੀਦਾ ਹੈ, ਅਤੇ ਤੁਹਾਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਜੋ ਤੁਹਾਡੇ ਫ਼ੈਸਲੇ ਲੈਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

ਸਵਾਲ: ਮੈਂ ਆਪਣੇ ਇੱਕ ਸਹਿ-ਕਰਮੀ ਨਾਲ ਡੇਟਿੰਗ ਕਰ ਰਿਹਾ/ਰਹੀ ਹਾਂ। ਕਿਉਂਕਿ ਸਾਡੇ ਵਿੱਚੋਂ ਕੋਈ ਵੀ ਦੂਜੇ ਦਾ ਸੁਪਰਵਾਈਜ਼ਰ ਨਹੀਂ ਹੈ, ਇਸ ਲਈ ਸਾਡੇ ਰਿਸ਼ਤੇ ਵਿੱਚ ਕੋਈ ਸਮੱਸਿਆ ਨਹੀਂ ਹੈ, ਕੀ ਇਹ ਸਹੀ ਹੈ?

ਜਵਾਬ: ਇਹ ਨਿਰਭਰ ਕਰਦਾ ਹੈ। ਕੰਮ ਵਾਲੀ ਥਾਂ 'ਤੇ ਨਿੱਜੀ ਜਾਂ ਗੂੜ੍ਹੇ ਰਿਸ਼ਤੇ ਸੰਭਾਵੀ ਤੌਰ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੇ ਹਨ, ਇਸ ਲਈ ਤੁਹਾਨੂੰ ਖੁੱਲ੍ਹੇਆਮ ਪਿਆਰ ਦਾ ਇਜ਼ਹਾਰ ਕਰਨ, ਬਹਿਸ ਕਰਨ, ਪੱਖਪਾਤ ਕਰਨ ਜਾਂ ਅਜਿਹੀ ਕੋਈ ਵੀ ਹੋਰ ਗਤੀਵਿਧੀ ਕਰਨ ਤੋਂ ਬਚਣਾ ਚਾਹੀਦਾ ਹੈ ਜੋ ਅਸੁਵਿਧਾਜਨਕ ਜਾਂ ਗੈਰ-ਪੇਸ਼ੇਵਰ ਮਾਹੌਲ ਪੈਦਾ ਕਰ ਸਕਦੀ ਹੈ। ਨਾਲ ਹੀ, ਆਪਣੇ ਰਿਸ਼ਤੇ ਬਾਰੇ ਆਪਣੇ ਮੈਨੇਜਰ ਅਤੇ ਸਥਾਨਕ ਹਿਊਮਨ ਰਿਸੋਰਸਿਜ਼ ਨੂੰ ਰਿਪੋਰਟ ਕਰਨਾ ਯਕੀਨੀ ਬਣਾਓ।

ਸਵਾਲ: ਮੈਨੂੰ ਕੰਸਲਟਿੰਗ ਫਰਮ ਤੋਂ ਕੰਮ ਕਰਨ ਦੀ ਪੇਸ਼ਕਸ਼ ਮਿਲੀ ਹੈ, ਜੋ ਕਿ Gap Inc. ਦੇ ਵਿਕਰੇਤਾਵਾਂ ਵਿੱਚੋਂ ਕਿਸੇ ਇੱਕ ਨਾਲ ਜੁੜੀ ਹੋਈ ਹੈ। ਨਵੀਂ ਭੂਮਿਕਾ ਕੰਮ ਦੇ ਸਮੇਂ ਤੋਂ ਬਾਅਦ ਹੋਵੇਗੀ ਅਤੇ ਇਹ Gap Inc. ਵਿੱਚ ਮੇਰੀ ਭੂਮਿਕਾ ਨੂੰ ਪ੍ਰਭਾਵਿਤ ਨਹੀਂ ਕਰੇਗੀ। ਕੀ ਇਸਨੂੰ ਸਵੀਕਾਰ ਕਰਨਾ ਠੀਕ ਹੈ?

ਜਵਾਬ: ਇਹ ਨਿਰਭਰ ਕਰਦਾ ਹੈ। Gap Inc. ਦੇ ਸਪਲਾਇਰਾਂ, ਵਿਕਰੇਤਾਵਾਂ, ਪ੍ਰਤਿਯੋਗੀਆਂ ਜਾਂ ਜ਼ਮੀਨ ਮਾਲਕਾਂ ਨਾਲ ਸੰਬੰਧਿਤ ਮੌਕਿਆਂ ਲਈ ਚੀਫ਼ ਲੀਗਲ ਐਂਡ ਕੰਪਲਾਇੰਸ ਅਫਸਰ ਤੋਂ ਲਿਖਤੀ ਮਨਜ਼ੂਰੀ ਲੈਣੀ ਲਾਜ਼ਮੀ ਹੈ।

## ਹਿੱਤਾਂ ਦੇ ਆਮ ਟਕਰਾਅ:

- **ਤੋਹਫ਼ੇ ਅਤੇ ਮਨੋਰੰਜਨ:** ਹੇਠਾਂ ਦਿੱਤੇ ਭਾਗ ਅਤੇ ਸਾਡੀ ਤੋਹਫ਼ੇ ਅਤੇ ਮਨੋਰੰਜਨ ਨੀਤੀ ਨੂੰ ਦੇਖੋ।

- **ਪਰਿਵਾਰ ਅਤੇ ਦੋਸਤਾਂ ਨੂੰ ਨੌਕਰੀ 'ਤੇ ਰੱਖਣਾ:** ਕਿਸੇ ਰਿਸ਼ਤੇਦਾਰ, ਦੋਸਤ, ਜੀਵਨ ਸਾਥੀ ਜਾਂ ਪਾਰਟਨਰ ਨੂੰ ਨੌਕਰੀ 'ਤੇ ਰੱਖਣ ਜਾਂ ਉਨ੍ਹਾਂ ਨਾਲ ਕੰਪਨੀ ਦਾ ਕਾਰੋਬਾਰ ਕਰਨ ਤੋਂ ਪਹਿਲਾਂ ਆਪਣੇ ਮੈਨੇਜਰ ਨਾਲ ਸਲਾਹ-ਮਸ਼ਵਰਾ ਕਰੋ। ਜੇਕਰ ਉਹ ਵਿਅਕਤੀ ਤੁਹਾਡੀ ਚੇਨ ਆਫ਼ ਕਮਾਂਡ ਦਾ ਹਿੱਸਾ ਹੋਵੇਗਾ, ਤਾਂ ਪਹਿਲਾਂ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਹੈ। ਸੀਨੀਅਰ ਲੀਡਰਸ਼ਿਪ ਟੀਮ ਦੇ ਮੈਂਬਰਾਂ ਨੂੰ ਗਲੋਬਲ ਇੰਟੈਗਰਿਟੀ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

- **ਕੰਮ ਵਾਲੀ ਥਾਂ 'ਤੇ ਨਿੱਜੀ ਸੰਬੰਧ:** Gap Inc. ਸਹਿ-ਕਰਮਚਾਰੀਆਂ ਨਾਲ ਨਿੱਜੀ ਸੰਬੰਧ ਬਣਾਉਣ ਦੇ ਤੁਹਾਡੇ ਅਧਿਕਾਰ ਦਾ ਸਤਿਕਾਰ ਕਰਦਾ ਹੈ, ਪਰ ਇਹ ਸੰਬੰਧ ਕੰਮ ਦੇ ਮਾਹੌਲ, ਤੁਹਾਡੀ ਨੌਕਰੀ ਦੀ ਕਾਰਗੁਜ਼ਾਰੀ ਜਾਂ ਦੂਜਿਆਂ ਦੀ ਨਿਗਰਾਨੀ ਕਰਨ ਦੀ ਤੁਹਾਡੀ ਯੋਗਤਾ ਨੂੰ ਨਕਾਰਾਤਮਕ ਤੌਰ 'ਤੇ ਪ੍ਰਭਾਵਿਤ ਨਹੀਂ ਕਰਨੇ ਚਾਹੀਦੇ। ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਸੰਬੰਧਿਤ ਹੋ, ਡੇਟਿੰਗ ਕਰ ਰਹੇ ਹੋ, ਨਾਲ ਰਹਿ ਰਹੇ ਹੋ ਜਾਂ ਰੋਮਾਂਟਿਕ ਤੌਰ 'ਤੇ ਜੁੜੇ ਹੋਏ ਹੋ, ਜਿਸਦੀਆਂ ਰੁਜ਼ਗਾਰ ਦੀਆਂ ਸ਼ਰਤਾਂ (ਜਿਵੇਂ ਕਿ ਤਨਖ਼ਾਹ ਅਤੇ ਸਮਾਂ-ਸਾਰਣੀ) 'ਤੇ ਤੁਹਾਡਾ ਕੰਟਰੋਲ ਜਾਂ ਪ੍ਰਭਾਵ ਹੈ, ਤਾਂ ਇਸਦਾ ਖੁਲਾਸਾ ਤੁਰੰਤ ਆਪਣੇ ਮੈਨੇਜਰ ਨੂੰ ਕਰੋ, **ਭਾਵੇਂ ਉਹ ਵਿਅਕਤੀ ਸਿੱਧੇ ਤੌਰ 'ਤੇ ਤੁਹਾਡੇ ਅਧੀਨ ਕੰਮ ਨਾ ਕਰਦਾ ਹੋਵੇ**।

- **GAP INC. ਤੋਂ ਬਾਹਰ ਕੰਮ ਕਰਨਾ:** Gap Inc. ਤੋਂ ਬਾਹਰ ਕੰਮ ਕਰਨ ਤੋਂ ਪਹਿਲਾਂ, ਜਿਸ ਵਿੱਚ ਆਪਣਾ ਕਾਰੋਬਾਰ ਜਾਂ ਆਨਲਾਈਨ ਦੁਕਾਨ ਚਲਾਉਣਾ ਵੀ ਸ਼ਾਮਲ ਹੈ, ਆਪਣੇ ਮੈਨੇਜਰ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਹੈ। Gap Inc. ਦੇ ਕਿਸੇ ਸਪਲਾਇਰ, ਵਿਕਰੇਤਾ, ਮੁਕਾਬਲੇਬਾਜ਼ ਜਾਂ ਜ਼ਮੀਨ ਮਾਲਕ ਲਈ ਕੰਮ ਕਰਨ ਤੋਂ ਪਹਿਲਾਂ ਵਾਧੂ ਮਨਜ਼ੂਰੀਆਂ ਲੈਣੀਆਂ ਜ਼ਰੂਰੀ ਹਨ।

**ਅਪਵਾਦ:** ਜੇਕਰ ਤੁਸੀਂ ਕਿਸੇ ਸਟੋਰ ਜਾਂ ਡਿਸਟ੍ਰੀਬਿਊਸ਼ਨ ਸੈਂਟਰ ਵਿੱਚ ਕੰਮ ਕਰਦੇ ਹੋ ਅਤੇ ਦੂਜਿਆਂ ਦੀ ਨਿਗਰਾਨੀ ਨਹੀਂ ਕਰਦੇ, ਤਾਂ ਤੁਹਾਨੂੰ ਬਾਹਰੀ ਕੰਮ ਲਈ ਪਹਿਲਾਂ ਤੋਂ ਮਨਜ਼ੂਰੀ ਮਿਲੀ ਹੋਈ ਹੈ, ਬਸ਼ਰਤੇ ਇਹ ਤੁਹਾਡੀ Gap Inc. ਦੀਆਂ ਜ਼ਿੰਮੇਵਾਰੀਆਂ ਜਾਂ ਸਮਾਂ-ਸਾਰਣੀ ਵਿੱਚ ਕੋਈ ਰੋਕ ਨਾ ਪਾਵੇ।

- **ਬੋਰਡ ਸੇਵਾ:**
  - **ਲਾਭਕਾਰੀ ਸੰਸਥਾਵਾਂ:** ਕਿਸੇ ਵੀ ਲਾਭਕਾਰੀ ਕੰਪਨੀ ਦੇ ਡਾਇਰੈਕਟਰ ਜਾਂ ਅਫ਼ਸਰ ਵਜੋਂ ਸੇਵਾ ਕਰਨ ਤੋਂ ਪਹਿਲਾਂ ਗਲੋਬਲ ਇੰਟੈਗਰਿਟੀ ਤੋਂ ਪਹਿਲਾਂ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਹੈ। ਕਰਮਚਾਰੀ ਬੋਰਡ ਸੇਵਾ-ਮਨਜ਼ੂਰੀ ਫ਼ਾਰਮ ਨੂੰ ਪੂਰਾ ਕਰੋ ਅਤੇ ਇਸਨੂੰ ਈਮੇਲ ਰਾਹੀਂ ਗਲੋਬਲ ਇੰਟੈਗਰਿਟੀ ਨੂੰ ਭੇਜੋ।
  - **ਗੈਰ-ਲਾਭਕਾਰੀ ਸੰਸਥਾਵਾਂ**: Gap Inc. ਇਹ ਸਮਝਦਾ ਹੈ ਕਿ ਤੁਸੀਂ ਆਪਣੇ ਨਿੱਜੀ ਸਮੇਂ ਵਿੱਚ ਕਿਸੇ ਗੈਰ-ਲਾਭਕਾਰੀ ਸੰਸਥਾ ਦੇ ਡਾਇਰੈਕਟਰ, ਟਰੱਸਟੀ ਜਾਂ ਅਫ਼ਸਰ ਵਜੋਂ ਸੇਵਾ ਕਰਨਾ ਚਾਹ ਸਕਦੇ ਹੋ। ਜੇਕਰ ਤੁਸੀਂ Gap Inc. ਦੀ ਨੁਮਾਇੰਦਗੀ ਕਰ ਰਹੇ ਹੋ, ਤਾਂ ਤੁਹਾਡੇ ਲਈ ਆਪਣੇ ਮੈਨੇਜਰ ਦੀ ਮਨਜ਼ੂਰੀ ਲੈਣਾ ਅਤੇ ਗਲੋਬਲ ਇੰਟੈਗਰਿਟੀ ਨੂੰ ਸੂਚਿਤ ਕਰਨਾ ਲਾਜ਼ਮੀ ਹੈ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਹਾਡੇ ਕੋਲ ਹਿੱਤਾਂ ਦੇ ਟਕਰਾਅ ਬਾਰੇ ਕੋਈ ਸਵਾਲ ਹਨ ਜਾਂ ਤੁਹਾਨੂੰ ਮਾਰਗਦਰਸ਼ਨ ਦੀ ਲੋੜ ਹੈ, ਤਾਂ ਗਲੋਬਲ ਇੰਟੈਗਰਿਟੀ ਨਾਲ ਸੰਪਰਕ ਕਰੋ।




ਹੋਰ ਜਾਣੋ: ਹਿੱਤਾਂ ਦੇ ਟਕਰਾਅ ਦੀ ਨੀਤੀ | ਬੋਰਡ ਮਨਜ਼ੂਰੀ ਪ੍ਰਕਿਰਿਆ

# ਤੋਹਫ਼ੇ ਅਤੇ ਮਨੋਰੰਜਨ




### ਤੋਹਫ਼ਾ ਕੀ ਹੁੰਦਾ ਹੈ?

ਤੋਹਫ਼ਾ ਕਿਸੇ ਵੀ ਅਜਿਹੀ ਚੀਜ਼ ਨੂੰ ਕਿਹਾ ਜਾ ਸਕਦਾ ਹੈ, ਜਿਸਦੀ ਕੋਈ ਕੀਮਤ ਹੋਵੇ, ਜਿਸ ਵਿੱਚ ਵਸਤੂਆਂ, ਖਾਣਾ, ਛੁੱਟੀਆਂ ਜਾਂ ਨੈੱਟਵਰਕਿੰਗ ਯਾਤਰਾਵਾਂ, ਚੈਰੀਟੇਬਲ ਦਾਨ, ਕਰਜ਼ੇ, ਅਹਿਸਾਨ ਅਤੇ ਹੋਰ ਲਾਭ ਸ਼ਾਮਲ ਹੋ ਸਕਦੇ ਹਨ।

## ਇਹ ਕਿਉਂ ਮਹੱਤਵਪੂਰਨ ਹੈ।

ਸਾਡੇ ਰਿਸ਼ਤੇ ਹੀ ਸਾਡੀ ਅਸਲੀਅਤ ਦਾ ਮੂਲ ਆਧਾਰ ਹਨ। Gap Inc. ਦੇ ਮੌਜੂਦਾ ਜਾਂ ਸੰਭਾਵੀ ਵਪਾਰਕ ਭਾਈਵਾਲਾਂ ਨਾਲ ਕਦੇ-ਕਦਾਈਂ ਮਾਮੂਲੀ ਤੋਹਫ਼ਿਆਂ ਅਤੇ ਮਨੋਰੰਜਨ ਦਾ ਆਦਾਨ-ਪ੍ਰਦਾਨ ਉਨ੍ਹਾਂ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰ ਸਕਦਾ ਹੈ, ਪਰ ਇਹ ਅਦਾਨ-ਪ੍ਰਦਾਨ ਵਪਾਰਕ ਨਤੀਜਿਆਂ ਨੂੰ ਪ੍ਰਭਾਵਿਤ ਕਰਦੇ ਵੀ ਦਿਖਾਈ ਦੇ ਸਕਦੇ ਹਨ। ਇਹ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿ ਸਾਡੇ ਫ਼ੈਸਲੇ ਲੈਣ ਦੀ ਅਖੰਡਤਾ ਬਾਰੇ ਕੋਈ ਸਵਾਲ ਨਾ ਉੱਠੇ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਸੀਮਾ ਦੇ ਅੰਦਰ ਰਹੋ।** ਤੋਹਫ਼ੇ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ, ਦਿੱਤੇ ਜਾ ਸਕਦੇ ਹਨ ਜਾਂ ਸਵੀਕਾਰ ਕੀਤੇ ਜਾ ਸਕਦੇ ਹਨ, ਬਸ਼ਰਤੇ ਕਿ ਹਰ ਸਰੋਤ ਤੋਂ ਸਾਲਾਨਾ ਮੁੱਲ $150 USD ਤੋਂ ਵੱਧ ਨਾ ਹੋਵੇ। ਨਕਦ ਜਾਂ ਨਕਦ ਦੇ ਬਰਾਬਰ ਦੀਆਂ ਵਸਤੂਆਂ, ਜਿਵੇਂ ਕਿ ਗਿਫ਼ਟ ਕਾਰਡਾਂ ਦਾ ਅਦਾਨ-ਪ੍ਰਦਾਨ ਕਰਨ ਦੀ ਮਨਾਹੀ ਹੈ। ਕੁਝ ਵਿਭਾਗਾਂ ਦੀਆਂ ਸੀਮਾਵਾਂ ਘੱਟ ਹੋ ਸਕਦੀਆਂ ਹਨ, ਇਸ ਲਈ ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਤਾਂ ਆਪਣੇ ਮੈਨੇਜਰ ਨਾਲ ਸੰਪਰਕ ਕਰੋ।

**ਸਿਰਫ਼ ਵਾਜਬ ਅਤੇ ਪਹਿਲਾਂ ਤੋਂ ਮਨਜ਼ੂਰਸ਼ੁਦਾ ਮਨੋਰੰਜਨ ਹੀ ਸਵੀਕਾਰ ਕਰੋ।** ਮਨੋਰੰਜਨ ਤਾਂ ਹੀ ਸਵੀਕਾਰ ਕੀਤਾ ਜਾ ਸਕਦਾ ਹੈ ਜੇਕਰ ਇਹ ਸਿੱਧੇ ਤੌਰ 'ਤੇ ਕਿਸੇ ਜਾਇਜ਼ ਕਾਰੋਬਾਰੀ ਉਦੇਸ਼ ਨਾਲ ਜੁੜਿਆ ਹੋਵੇ। ਇਹ ਵਪਾਰਕ ਮੌਕੇ ਅਤੇ Gap Inc. ਵਿੱਚ ਤੁਹਾਡੀ ਭੂਮਿਕਾ ਦੇ ਸੰਦਰਭ ਵਿੱਚ ਵਾਜਬ ਅਤੇ ਉਚਿਤ ਹੋਣਾ ਚਾਹੀਦਾ ਹੈ ਅਤੇ ਇਸ ਤੋਂ ਗਲਤ ਪ੍ਰਭਾਵ ਪੈਣ ਦਾ ਭੁਲੇਖਾ ਨਹੀਂ ਪੈਣਾ ਚਾਹੀਦਾ ਹੈ। ਮਨੋਰੰਜਨ ਲਈ ਭੁਗਤਾਨ ਕਰਨ ਵਾਲਾ ਵਿਕਰੇਤਾ ਜਾਂ ਵਪਾਰਕ ਭਾਈਵਾਲ ਵੀ ਉੱਥੇ ਮੌਜੂਦ ਹੋਣਾ ਚਾਹੀਦਾ ਹੈ। ਮਨੋਰੰਜਨ ਸਵੀਕਾਰ ਕਰਨ ਲਈ ਸਾਰੀਆਂ ਬੇਨਤੀਆਂ ਨੂੰ ਵਿਭਾਗ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ (SVP) ਜਾਂ ਇਸ ਤੋਂ ਉੱਪਰ ਦੇ ਅਧਿਕਾਰੀ ਦੁਆਰਾ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ। ਇਵੈਂਟ ਤੋਂ ਪਹਿਲਾਂ ਗਲੋਬਲ ਇੰਟੈਗਰਿਟੀ ਨੂੰ ਈਮੇਲ ਰਾਹੀਂ ਸੂਚਿਤ ਕਰੋ ਅਤੇ ਮਨਜ਼ੂਰੀ ਦੀ ਇੱਕ ਕਾਪੀ ਸ਼ਾਮਲ ਕਰੋ। ਕਾਨਫ਼ਰੰਸਾਂ ਅਤੇ ਤੀਜੀ-ਧਿਰ ਦੀਆਂ ਟ੍ਰੇਨਿੰਗਾਂ ਵਿੱਚ ਭਾਗ ਲੈਣ ਦੇ ਸੱਦਿਆਂ ਨੂੰ ਸਵੀਕਾਰ ਕਰਨ ਸੰਬੰਧੀ ਵੇਰਵਿਆਂ ਲਈ, ਕਿਰਪਾ ਕਰਕੇ Gap Inc. ਕਾਨਫ਼ਰੰਸ ਅਤੇ ਤੀਜੀ-ਧਿਰ ਟ੍ਰੇਨਿੰਗ ਨੀਤੀ ਦੇਖੋ।

**ਕਿਸੇ ਵੀ ਤੋਹਫ਼ੇ ਜਾਂ ਮਨੋਰੰਜਨ ਦੀ ਮੰਗ ਨਾ ਕਰੋ।** ਤੀਜੀਆਂ ਧਿਰਾਂ ਜਾਂ ਵਿਕਰੇਤਾਵਾਂ ਕੋਲੋਂ ਕਿਸੇ ਵੀ ਤਰ੍ਹਾਂ ਦੇ ਤੋਹਫ਼ੇ, ਖਾਣੇ, ਮਨੋਰੰਜਨ ਜਾਂ ਕਿਸੇ ਵੀ ਕੀਮਤੀ ਚੀਜ਼ ਦੀ ਮੰਗ ਕਦੇ ਨਾ ਕਰੋ।

**ਪ੍ਰਵਾਨਗੀ ਲਓ।** $150 USD ਤੋਂ ਵੱਧ ਮੁੱਲ ਦਾ ਕੋਈ ਵੀ ਤੋਹਫ਼ਾ ਸਿਰਫ਼ ਉਦੋਂ ਹੀ ਸਵੀਕਾਰ ਕੀਤਾ ਜਾ ਸਕਦਾ ਹੈ ਜੇਕਰ ਇਸ ਨੂੰ ਗਲੋਬਲ ਇੰਟੈਗਰਿਟੀ ਦੁਆਰਾ ਪਹਿਲਾਂ ਤੋਂ ਪ੍ਰਵਾਨਗੀ ਮਿਲੀ ਹੋਵੇ ਅਤੇ ਇਹ ਸਾਡੇ ਸੀਮਤ ਅਪਵਾਦਾਂ ਵਿੱਚੋਂ ਕਿਸੇ ਇੱਕ ਦੇ ਅਧੀਨ ਆਉਂਦਾ ਹੋਵੇ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਹਾਡੇ ਮਨ ਵਿੱਚ ਇਹ ਸਵਾਲ ਹੈ ਕਿ ਕੋਈ ਤੋਹਫ਼ਾ, ਖਾਣਾ ਜਾਂ ਮਨੋਰੰਜਨ ਸਵੀਕਾਰ ਕਰਨਾ ਉਚਿਤ ਹੈ ਜਾਂ ਨਹੀਂ, ਜਾਂ ਜੇਕਰ ਤੁਸੀਂ ਕੋਈ ਪੇਸ਼ਕਸ਼ ਸਵੀਕਾਰ ਕਰਨ ਲਈ ਪਹਿਲਾਂ ਤੋਂ ਪ੍ਰਵਾਨਗੀ ਲੈਣਾ ਚਾਹੁੰਦੇ ਹੋ, ਤਾਂ ਗਲੋਬਲ ਇੰਟੈਗਰਿਟੀ ਨਾਲ ਸੰਪਰਕ ਕਰੋ।

## ਸਵਾਲ ਅਤੇ ਜਵਾਬ

ਸਵਾਲ: ਇੱਕ ਸੰਭਾਵੀ ਵਿਕਰੇਤਾ ਨੇ ਮੈਨੂੰ ਅੱਜ ਰਾਤ ਦੇ ਸਮਾਗਮ ਲਈ ਆਪਣੀਆਂ ਚਾਰ ਟਿਕਟਾਂ ਦਿੱਤੀਆਂ ਹਨ ਕਿਉਂਕਿ ਉਹ ਖੁਦ ਨਹੀਂ ਜਾ ਸਕਦੀ। ਭਾਵੇਂ ਮੈਂ ਇਹ ਫ਼ੈਸਲਾ ਨਹੀਂ ਲੈਣਾ ਹੈ ਕਿ ਅਸੀਂ ਉਸਦੀ ਕੰਪਨੀ ਨੂੰ ਇੱਕ ਵਿਕਰੇਤਾ ਵਜੋਂ ਵਰਤਣਾ ਹੈ ਜਾਂ ਨਹੀਂ, ਤਾਂ ਕੀ ਮੇਰੇ ਲਈ ਟਿਕਟਾਂ ਨੂੰ ਸਵੀਕਾਰ ਕਰਨਾ ਅਤੇ ਵਰਤਣਾ ਠੀਕ ਹੈ?

ਜਵਾਬ: ਨਹੀਂ। ਤੁਸੀਂ ਟਿਕਟਾਂ ਤਾਂ ਹੀ ਸਵੀਕਾਰ ਕਰ ਸਕਦੇ ਹੋ ਅਤੇ ਸਮਾਗਮ ਵਿੱਚ ਸ਼ਾਮਲ ਹੋ ਸਕਦੇ ਹੋ ਜੇਕਰ ਸੰਭਾਵੀ ਵਿਕਰੇਤਾ ਉੱਥੇ ਮੌਜੂਦ ਹੋਵੇ ਅਤੇ ਇਹ ਕਿਸੇ ਜਾਇਜ਼ ਵਪਾਰਕ ਉਦੇਸ਼ ਨਾਲ ਜੁੜਿਆ ਹੋਵੇ। ਇਸ ਤੋਂ ਇਲਾਵਾ, ਜੇਕਰ ਵਿਕਰੇਤਾ ਸਮਾਗਮ ਵਿੱਚ ਸ਼ਾਮਲ ਹੋ ਰਿਹਾ ਹੋਵੇ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਮਨੋਰੰਜਨ, ਵਪਾਰਕ ਮੌਕੇ ਅਤੇ Gap Inc. ਵਿੱਚ ਤੁਹਾਡੇ ਅਹੁਦੇ ਦੇ ਸੰਦਰਭ ਵਿੱਚ ਵਾਜਬ ਅਤੇ ਉਚਿਤ ਹੋਵੇ ਅਤੇ ਤੁਹਾਡੇ ਵਿਭਾਗ ਦੇ SVP ਜਾਂ ਇਸ ਤੋਂ ਉੱਚ ਅਧਿਕਾਰੀ ਤੋਂ ਪਹਿਲਾਂ ਲਿਖਤੀ ਮਨਜ਼ੂਰੀ ਲੈਣੀ ਹੋਵੇਗੀ। ਸਮਾਗਮ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਤੁਹਾਨੂੰ ਗਲੋਬਲ ਇੰਟੈਗਰਿਟੀ ਨੂੰ ਵੀ ਸੂਚਿਤ ਕਰਨਾ ਚਾਹੀਦਾ ਹੈ।

ਸਵਾਲ: ਮੈਂ ਦੂਰ-ਦੁਰਾਡੇ ਤੋਂ ਕੰਮ ਕਰਦਾ/ਕਰਦੀ ਹਾਂ, ਅਤੇ ਵਿਕਰੇਤਾ ਨੇ ਮੇਰੇ ਘਰ ਦੇ ਪਤੇ 'ਤੇ $150 USD ਤੋਂ ਵੱਧ ਮੁੱਲ ਦੀ ਛੁੱਟੀਆਂ ਦੀ ਤੋਹਫ਼ੇ ਵਾਲੀ ਟੋਕਰੀ ਭੇਜੀ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜਵਾਬ: ਜੇਕਰ ਤੁਸੀਂ ਕਦੇ-ਕਦਾਈਂ Gap Inc. ਦੇ ਕਿਸੇ ਦਫ਼ਤਰ ਤੋਂ ਕੰਮ ਕਰਦੇ ਹੋ, ਤਾਂ ਤੋਹਫ਼ੇ ਵਾਲੀ ਟੋਕਰੀ ਨੂੰ ਉਸ ਦਫ਼ਤਰ ਵਿੱਚ ਲੈ ਜਾਓ ਤਾਂ ਜੋ ਇਸਨੂੰ ਸਹਿ-ਕਰਮਚਾਰੀਆਂ ਨਾਲ ਸਾਂਝਾ ਕੀਤਾ ਜਾ ਸਕੇ। ਜੇਕਰ ਅਜਿਹਾ ਕਰਨਾ ਸੰਭਵ ਨਹੀਂ ਹੈ, ਤਾਂ ਤੁਹਾਨੂੰ ਤੋਹਫ਼ਾ ਵਿਕਰੇਤਾ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ ਅਤੇ ਨਿਮਰਤਾ ਨਾਲ ਸਾਡੀ ਨੀਤੀ ਬਾਰੇ ਦੱਸ ਦੇਣਾ ਚਾਹੀਦਾ ਹੈ। ਜੇਕਰ ਤੁਸੀਂ ਤੋਹਫ਼ਾ ਵਾਪਸ ਨਹੀਂ ਕਰ ਸਕਦੇ ਹੋ, ਤਾਂ ਤੁਸੀਂ ਇਸਨੂੰ ਕਿਸੇ ਸਥਾਨਕ ਚੈਰਿਟੀ ਨੂੰ ਦਾਨ ਕਰ ਸਕਦੇ ਹੋ।

## ਕਾਰੋਬਾਰੀ ਮਨੋਰੰਜਨ ਕੀ ਹੁੰਦਾ ਹੈ?

ਕਾਰੋਬਾਰੀ ਮਨੋਰੰਜਨ ਵਿੱਚ ਖਾਣੇ ਜਾਂ ਖੇਡ ਮੁਕਾਬਲਿਆਂ, ਸੰਗੀਤ ਸਮਾਰੋਹਾਂ ਜਾਂ ਹੋਰ ਬਾਹਰੀ ਗਤੀਵਿਧੀਆਂ ਵਰਗੇ ਪ੍ਰੋਗਰਾਮ ਸ਼ਾਮਲ ਹੋ ਸਕਦੇ ਹਨ, ਬਸ਼ਰਤੇ ਕਿ ਤੋਹਫ਼ਾ ਪੇਸ਼ ਕਰਨ ਵਾਲਾ ਸਪਲਾਇਰ ਜਾਂ ਵਪਾਰਕ ਭਾਈਵਾਲ ਉਸ ਮਨੋਰੰਜਨ ਦੌਰਾਨ ਮੌਜੂਦ ਹੋਵੇ। ਕਾਰੋਬਾਰੀ ਮਨੋਰੰਜਨ, ਕਾਰੋਬਾਰੀ ਮੌਕੇ ਅਤੇ Gap Inc. ਵਿੱਚ ਤੁਹਾਡੇ ਅਹੁਦੇ ਦੇ ਸੰਦਰਭ ਵਿੱਚ ਵਾਜਬ ਅਤੇ ਉਚਿਤ ਹੋਣਾ ਚਾਹੀਦਾ ਹੈ। ਕਾਰੋਬਾਰੀ ਮਨੋਰੰਜਨ ਨੂੰ ਸਵੀਕਾਰ ਕਰਨ ਲਈ ਸਾਰੀਆਂ ਬੇਨਤੀਆਂ ਤੁਹਾਡੇ ਵਿਭਾਗ ਦੇ SVP ਜਾਂ ਉਸ ਤੋਂ ਉੱਚ ਅਧਿਕਾਰੀ ਦੁਆਰਾ ਲਿਖਤੀ ਰੂਪ ਵਿੱਚ ਪ੍ਰਵਾਨਿਤ ਹੋਣੀਆਂ ਚਾਹੀਦੀਆਂ ਹਨ। ਇਵੈਂਟ ਤੋਂ ਪਹਿਲਾਂ ਗਲੋਬਲ ਇੰਟੈਗਰਿਟੀ ਨੂੰ ਈਮੇਲ ਰਾਹੀਂ ਸੂਚਿਤ ਕਰੋ ਅਤੇ ਮਨਜ਼ੂਰੀ ਦੀ ਇੱਕ ਕਾਪੀ ਸ਼ਾਮਲ ਕਰੋ।



## ਸਾਡੀ $150 USD ਦੀ ਤੋਹਫ਼ਾ ਸੀਮਾ ਲਈ ਅਪਵਾਦ:

- ਜਦੋਂ ਤੱਕ ਇਹ ਕਦੇ-ਕਦਾਈਂ ਹੁੰਦੇ ਹਨ ਅਤੇ ਬਹੁਤ ਜ਼ਿਆਦਾ ਮਹਿੰਗੇ ਨਹੀਂ ਹੁੰਦੇ, ਉਦੋਂ ਤੱਕ ਕਾਰੋਬਾਰੀ ਖਾਣਿਆਂ ਨੂੰ ਤੋਹਫ਼ੇ ਜਾਂ ਮਨੋਰੰਜਨ ਨਹੀਂ ਮੰਨਿਆ ਜਾਂਦਾ ਅਤੇ ਉਨ੍ਹਾਂ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ। ਭਾਵੇਂ, ਇਹ ਬਹੁਤ ਜ਼ਰੂਰੀ ਹੈ ਕਿ ਕੋਈ ਵੀ ਕਾਰੋਬਾਰੀ ਖਾਣਾ ਕਿਸੇ ਵਿਕਰੇਤਾ ਜਾਂ ਵਪਾਰਕ ਭਾਈਵਾਲ ਨਾਲ ਕੋਈ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਨਾ ਕਰੇ ਜਾਂ ਪੱਖਪਾਤੀ ਵਿਵਹਾਰ ਦਾ ਕਾਰਨ ਨਾ ਬਣੇ।
- ਜੇਕਰ ਗੈਰ-ਨਕਦੀ ਵਾਲੀਆਂ ਛੁੱਟੀਆਂ ਦੇ ਤੋਹਫ਼ੇ ਤੁਹਾਡੇ ਵਿਭਾਗ ਨਾਲ ਸਾਂਝੇ ਕੀਤੇ ਜਾਂਦੇ ਹਨ, ਤਾਂ ਉਹ ਤੋਹਫ਼ੇ ਦੀ ਸੀਮਾ ਤੋਂ ਵੱਧ ਸਕਦੇ ਹਨ।
- ਕਾਨਫ਼ਰੰਸਾਂ ਅਤੇ ਉਦਯੋਗਿਕ ਸਿਖਲਾਈ ਸਮਾਗਮਾਂ ਲਈ ਰਜਿਸਟ੍ਰੇਸ਼ਨ ਫ਼ੀਸਾਂ, ਜਿਨ੍ਹਾਂ ਦਾ ਭੁਗਤਾਨ ਕਿਸੇ ਵਿਕਰੇਤਾ ਦੁਆਰਾ ਕੀਤਾ ਜਾਂਦਾ ਹੈ, ਉਦੋਂ ਤੱਕ ਸਵੀਕਾਰਯੋਗ ਹਨ ਜਦੋਂ ਤੱਕ ਇਹ ਹਿੱਤਾਂ ਦੇ ਟਕਰਾਅ ਨੂੰ ਪੈਦਾ ਨਹੀਂ ਕਰਦੀਆਂ ਜਾਂ ਹਿੱਤਾਂ ਦੇ ਟਕਰਾਅ ਦੀ ਦਿੱਖ ਨਹੀਂ ਦਿੰਦੀਆਂ, ਅਤੇ ਇਸ ਨੈਤਿਕ ਸੰਹਿਤਾ COBC ਦੀ ਕਿਸੇ ਹੋਰ ਵਿਵਸਥਾ ਦੀ ਉਲੰਘਣਾ ਨਹੀਂ ਕਰਦੀਆਂ। ਤੁਹਾਨੂੰ ਆਪਣੇ ਡਾਇਰੈਕਟਰ ਜਾਂ ਇਸ ਤੋਂ ਉੱਚ ਅਧਿਕਾਰੀ ਅਤੇ ਗਲੋਬਲ ਇੰਟੈਗਰਿਟੀ ਤੋਂ ਪਹਿਲਾਂ ਹੀ ਲਿਖਤੀ ਪ੍ਰਵਾਨਗੀ ਪ੍ਰਾਪਤ ਕਰਨੀ ਚਾਹੀਦੀ ਹੈ। ਸਫ਼ਰ, ਰਿਹਾਇਸ਼ ਅਤੇ ਸੰਬੰਧਿਤ ਹੋਰ ਸਾਰੇ ਖਰਚੇ Gap Inc. ਦੁਆਰਾ ਹੀ ਚੁੱਕੇ ਜਾਣੇ ਚਾਹੀਦੇ ਹਨ। ਸੀਮਤ ਅਪਵਾਦਾਂ ਸਮੇਤ ਵਾਧੂ ਜਾਣਕਾਰੀ ਲਈ, Gap Inc. ਦੀ ਕਾਨਫ਼ਰੰਸ ਅਤੇ ਤੀਜੀ ਧਿਰ ਟ੍ਰੇਨਿੰਗ ਨੀਤੀ ਦੇਖੋ।

ਵਧੇਰੇ ਵੇਰਵਿਆਂ ਲਈ, ਇੱਥੇ ਦੇਖੋ: ਤੋਹਫ਼ੇ ਅਤੇ ਮਨੋਰੰਜਨ ਸੰਬੰਧੀ ਨੀਤੀ | ਕਾਨਫ਼ਰੰਸ ਅਤੇ ਤੀਜੀ ਧਿਰ ਸਿਖਲਾਈ ਨੀਤੀ

# ਸਵਾਲ ਅਤੇ ਜਵਾਬ

ਸਵਾਲ: ਮੇਰੀ ਭੈਣ ਜੋ ਫਲੋਰਿਡਾ ਦੀ ਯਾਤਰਾ ਕਰ ਰਹੀ ਹੈ ਉਸ ਲਈ ਸਾਡੀ ਕੰਪਨੀ ਨਾਲ ਕੰਮ ਕਰਨ ਵਾਲੇ ਵਿਕਰੇਤਾ ਨੇ ਆਪਣੇ ਛੁੱਟੀਆਂ ਵਾਲੇ ਘਰ ਵਿੱਚ ਹਫ਼ਤੇ ਲਈ ਮੁਫ਼ਤ ਰਹਿਣ ਦੀ ਪੇਸ਼ਕਸ਼ ਕੀਤੀ ਹੈ। ਭਾਵੇਂ ਇਹ ਪੇਸ਼ਕਸ਼ ਸਿੱਧੇ ਤੌਰ 'ਤੇ ਮੈਨੂੰ ਨਹੀਂ ਦਿੱਤੀ ਗਈ ਹੈ ਪਰ ਕੀ ਇਹ ਠੀਕ ਹੈ?

ਜਵਾਬ: ਨਹੀਂ। ਇਸ ਪੇਸ਼ਕਸ਼ ਦਾ ਕੋਈ ਵਪਾਰਕ ਆਧਾਰ ਨਹੀਂ ਹੈ ਇਸ ਲਈ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ, ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਮੈਂਬਰਾਂ ਨੂੰ ਤੋਹਫ਼ਿਆਂ ਦੀਆਂ ਪੇਸ਼ਕਸ਼ਾਂ, ਜਿਸ ਵਿੱਚ ਸਹੂਲਤਾਂ ਦੀ ਮੁਫ਼ਤ ਜਾਂ ਰਿਆਇਤੀ ਵਰਤੋਂ ਸ਼ਾਮਲ ਹੈ, ਨੂੰ ਤੁਹਾਡੇ ਵਪਾਰਕ ਫ਼ੈਸਲੇ ਲੈਣ ਦੀ ਪ੍ਰਕਿਰਿਆ 'ਤੇ ਗਲਤ ਪ੍ਰਭਾਵ ਵਜੋਂ ਦੇਖਿਆ ਜਾ ਸਕਦਾ ਹੈ।

ਸਵਾਲ: ਇੱਕ ਵਿਕਰੇਤਾ ਨੇ ਮੈਨੂੰ ਉਦਯੋਗ ਦੇ ਸਮਾਗਮ ਵਿੱਚ ਉਨ੍ਹਾਂ ਵੱਲੋਂ ਸਪਾਂਸਰ ਕੀਤੇ ਗਏ ਪੈਨਲ ਉੱਤੇ ਬੋਲਣ ਲਈ ਕਿਹਾ ਹੈ। ਉਨ੍ਹਾਂ ਨੇ ਯਾਤਰਾ, ਰਿਹਾਇਸ਼, ਖਾਣ-ਪੀਣ ਅਤੇ ਰਜਿਸਟ੍ਰੇਸ਼ਨ ਵਰਗੇ ਸਾਰੇ ਸੰਬੰਧਿਤ ਖਰਚਿਆਂ ਦਾ ਭੁਗਤਾਨ ਕਰਨ ਦੀ ਪੇਸ਼ਕਸ਼ ਕੀਤੀ ਹੈ। ਕੀ ਮੈਂ ਸਪਲਾਇਰ ਦੀ ਸਾਰੇ ਸੰਬੰਧਿਤ ਖਰਚਿਆਂ ਦਾ ਭੁਗਤਾਨ ਕਰਨ ਦੀ ਪੇਸ਼ਕਸ਼ ਸਵੀਕਾਰ ਕਰ ਸਕਦਾ/ਸਕਦੀ ਹਾਂ?

ਜਵਾਬ: ਬਿਲਕੁਲ ਨਹੀਂ। ਪੈਨਲ ਵਿੱਚ ਭਾਗ ਲੈਣ ਲਈ ਤੁਹਾਨੂੰ ਪਹਿਲਾਂ ਪੂਰਵ-ਪ੍ਰਵਾਨਗੀ ਲੈਣ ਦੀ ਲੋੜ ਹੈ ਅਤੇ ਬਾਹਰੀ ਬੁਲਾਰਾ ਨੀਤੀ ਵਿੱਚ ਦੱਸੇ ਗਏ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਫਿਰ ਤੁਹਾਨੂੰ ਵਿਕਰੇਤਾ ਵੱਲੋਂ ਤੁਹਾਡੀ ਰਜਿਸਟ੍ਰੇਸ਼ਨ ਫ਼ੀਸ ਅਦਾ ਕਰਨ ਲਈ ਆਪਣੇ ਡਾਇਰੈਕਟਰ ਜਾਂ ਉਸ ਤੋਂ ਉੱਚ ਅਧਿਕਾਰੀ ਅਤੇ ਗਲੋਬਲ ਇੰਟੈਗਰਿਟੀ ਤੋਂ ਪੂਰਵ-ਪ੍ਰਵਾਨਗੀ ਲੈਣ ਦੀ ਲੋੜ ਹੈ। ਬਾਕੀ ਸਾਰੇ ਖਰਚਿਆਂ ਦਾ ਭੁਗਤਾਨ Gap Inc. ਦੁਆਰਾ ਕੀਤਾ ਜਾਣਾ ਚਾਹੀਦਾ ਹੈ, ਜਦੋਂ ਤੱਕ ਕਿ ਇਹ ਬੇਨਤੀ ਨੀਤੀ ਵਿੱਚ ਦੱਸੇ ਗਏ ਸਾਡੇ ਸੀਮਤ ਅਪਵਾਦਾਂ ਵਿੱਚੋਂ ਇੱਕ ਨੂੰ ਪੂਰਾ ਨਹੀਂ ਕਰਦੀ।

ਸਵਾਲ: ਸਾਡੀ ਟੀਮ ਵਿੱਚ Gap Inc. ਦੇ ਕਰਮਚਾਰੀਆਂ ਅਤੇ ਠੇਕੇਦਾਰਾਂ ਦਾ ਇੱਕ ਸਮੂਹ ਸ਼ਾਮਲ ਹੈ। ਹਰ ਸ਼ੁੱਕਰਵਾਰ, ਅਸੀਂ ਸਥਾਨਕ ਹੈਪੀ ਆਵਰ ਲਈ ਜਾਂਦੇ ਹਾਂ, ਅਤੇ ਸਾਡੇ ਠੇਕੇਦਾਰਾਂ ਵਿੱਚੋਂ ਇੱਕ ਹਮੇਸ਼ਾ ਬਿੱਲ ਦਾ ਭੁਗਤਾਨ ਕਰਦਾ ਹੈ। ਕੀ ਇਹ ਉਚਿਤ ਹੈ?

ਜਵਾਬ: ਨਹੀਂ। ਇਸ ਗੱਲ ਦੀ ਸੰਭਾਵਨਾ ਘੱਟ ਹੈ ਕਿ ਇਹ ਸਾਡੇ ਨਿਯਮਾਂ ਦੀ ਪਾਲਣਾ ਕਰਦਾ ਹੈ ਜਾਂ ਇਸਦਾ ਕੋਈ ਜਾਇਜ਼ ਕਾਰੋਬਾਰੀ ਉਦੇਸ਼ ਹੈ। ਜੇਕਰ ਇਹ ਵਾਰ-ਵਾਰ ਹੁੰਦਾ ਹੈ, ਤਾਂ ਇਹ $150 USD ਦੀ ਸੀਮਾ ਤੋਂ ਕਿਤੇ ਜ਼ਿਆਦਾ ਹੈ ਅਤੇ ਕਾਰੋਬਾਰੀ ਮਨੋਰੰਜਨ ਲਈ ਅਪਵਾਦ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ ਹੈ।



# ਡਾਟਾ, ਸੰਪਤੀਆਂ ਅਤੇ ਜਾਇਦਾਦ

ਗੁਪਤ ਜਾਣਕਾਰੀ ਅਤੇ ਬੌਧਿਕ ਸੰਪਤੀ
ਨਿੱਜਤਾ
ਜਾਣਕਾਰੀ ਸੁਰੱਖਿਆ
ਜਾਇਦਾਦ ਅਤੇ ਸੰਪਤੀਆਂ
ਰਿਕਾਰਡ ਰੱਖਣਾ

# ਗੁਪਤ ਜਾਣਕਾਰੀ ਅਤੇ ਬੌਧਿਕ ਸੰਪਤੀ

## ਇਹ ਕਿਉਂ ਮਹੱਤਵਪੂਰਨ ਹੈ।*

Gap Inc. ਦੀ ਗੁਪਤ ਜਾਣਕਾਰੀ ਦੀ ਰੱਖਿਆ ਕਰਨਾ ਸਾਡੀ ਸਫਲਤਾ ਲਈ ਬਹੁਤ ਜ਼ਰੂਰੀ ਹੈ। ਇਸ ਜਾਣਕਾਰੀ ਦੀ ਸੁਰੱਖਿਆ ਨਾ ਕਰਨਾ ਸਾਡੀ ਸ਼ਾਖ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਸਾਡੇ ਕਾਰੋਬਾਰ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਕਨੂੰਨੀ ਦੇਣਦਾਰੀ ਦਾ ਕਾਰਨ ਬਣ ਸਕਦਾ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਇਸਨੂੰ ਸੁਰੱਖਿਅਤ ਰੱਖੋ।** ਜੇਕਰ ਤੁਹਾਡੇ ਕੋਲ Gap Inc. ਦੀ ਗੁਪਤ ਜਾਣਕਾਰੀ ਤੱਕ ਪਹੁੰਚ ਹੈ, ਜਾਂ ਤੁਸੀਂ ਅਜਿਹੀ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹੋ, ਤਾਂ ਤੁਸੀਂ ਉਸ ਜਾਣਕਾਰੀ ਨੂੰ ਗਲਤ ਤਰੀਕੇ ਨਾਲ ਖੁਲਾਸਾ ਹੋਣ ਜਾਂ ਦੁਰਵਰਤੋਂ ਤੋਂ ਬਚਾਉਣ ਅਤੇ ਸੁਰੱਖਿਅਤ ਰੱਖਣ ਲਈ ਜ਼ਿੰਮੇਵਾਰ ਹੋ।

**ਕੁਝ ਵੀ ਕਹਿਣ ਤੋਂ ਪਹਿਲਾਂ ਸੋਚੋ।** ਗੁਪਤ ਜਾਣਕਾਰੀ ਦਾ ਅਣਜਾਣੇ ਵਿੱਚ ਜਾਂ ਗੈਰ-ਰਸਮੀ ਤੌਰ 'ਤੇ ਖੁਲਾਸਾ ਹੋ ਸਕਦਾ ਹੈ, ਇਸ ਲਈ ਇਹ ਜ਼ਰੂਰੀ ਹੈ ਕਿ:

- ਬਾਹਰੀ ਜਾਂ ਅੰਦਰੂਨੀ ਤੌਰ 'ਤੇ ਸੰਚਾਰ ਕਰਦੇ ਸਮੇਂ ਚੌਕਸ ਰਹੋ।
- ਗੁਪਤ ਜਾਣਕਾਰੀ ਨੂੰ ਕਦੇ ਵੀ ਉਨ੍ਹਾਂ ਲੋਕਾਂ ਨਾਲ ਸਾਂਝਾ ਨਾ ਕਰੋ ਜਿਨ੍ਹਾਂ ਨੂੰ ਉਸ ਜਾਣਕਾਰੀ ਬਾਰੇ ਜਾਣਨ ਦੀ ਕੋਈ ਕਾਰੋਬਾਰੀ ਲੋੜ ਨਹੀਂ ਹੈ ਜਾਂ ਜਿਨ੍ਹਾਂ ਕੋਲ ਉਸ ਜਾਣਕਾਰੀ ਤੱਕ ਪਹੁੰਚ ਕਰਨ ਦਾ ਅਧਿਕਾਰ ਨਹੀਂ ਹੈ।
- ਜਨਤਕ ਥਾਵਾਂ 'ਤੇ ਗੁਪਤ ਜਾਣਕਾਰੀ ਬਾਰੇ ਚਰਚਾ ਕਰਨ ਤੋਂ ਬਚੋ।
- ਹਮੇਸ਼ਾਂ ਇਹ ਯਕੀਨੀ ਬਣਾਓ ਕਿ ਸਾਫ਼ਟਵੇਅਰ, ਚਿੱਤਰ ਅਤੇ ਹੋਰ ਸਮੱਗਰੀ ਸਹੀ ਢੰਗ ਨਾਲ ਲਾਇਸੰਸਸ਼ੁਦਾ ਹਨ। ਪਾਈਰੇਟਿਡ ਜਾਂ ਅਣਅਧਿਕਾਰਿਤ ਸਮੱਗਰੀ ਦੀ ਵਰਤੋਂ ਕਰਨ ਤੋਂ ਬਚੋ, ਕਿਉਂਕਿ ਇਹ ਤੁਹਾਡੇ ਅਤੇ Gap Inc. ਦੋਵਾਂ ਲਈ ਕਨੂੰਨੀ ਨਤੀਜਿਆਂ ਦਾ ਕਾਰਨ ਬਣ ਸਕਦਾ ਹੈ।

**ਸਾਡੇ ਨਿਯਮਾਂ ਦੀ ਪਾਲਣਾ ਕਰੋ।** ਸਾਰੀ ਗੁਪਤ ਜਾਣਕਾਰੀ ਨੂੰ Gap Inc. ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਹੀ ਪਹੁੰਚ, ਵਰਤਿਆ, ਸਾਂਝਾ ਅਤੇ ਸਟੋਰ ਕੀਤਾ ਜਾਣਾ ਚਾਹੀਦਾ ਹੈ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੰਪਨੀ ਤੋਂ ਬਾਹਰ ਗੁਪਤ ਜਾਣਕਾਰੀ ਸਾਂਝੀ ਕਰਨ ਦੀ ਕਾਰੋਬਾਰੀ ਲੋੜ ਹੈ, ਤਾਂ ਤੁਹਾਨੂੰ ਕਨੂੰਨੀ ਵਿਭਾਗ ਤੋਂ ਪਹਿਲਾਂ ਪ੍ਰਵਾਨਗੀ ਲੈਣੀ ਚਾਹੀਦੀ ਹੈ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਹਾਡੇ ਕੋਲ ਗੁਪਤ ਜਾਣਕਾਰੀ ਬਾਰੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕਿਹੜੀ ਜਾਣਕਾਰੀ ਜਾਂ ਸਮੱਗਰੀ ਸਾਂਝੀ ਕੀਤੀ ਜਾ ਸਕਦੀ ਹੈ ਜਾਂ ਨਹੀਂ, ਤਾਂ ਮਾਰਗਦਰਸ਼ਨ ਲਈ ਆਪਣੇ ਮੈਨੇਜਰ, ਕਨੂੰਨੀ ਵਿਭਾਗ ਜਾਂ ਕਿਸੇ ਹੋਰ ਆਪਣੀ ਆਵਾਜ਼ ਉਠਾਓ (Speak Up) ਸਰੋਤ ਨਾਲ ਸੰਪਰਕ ਕਰੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕਿਸੇ ਗੁਪਤ ਜਾਣਕਾਰੀ ਨੂੰ ਅਣਅਧਿਕਾਰਿਤ ਤੌਰ 'ਤੇ ਸਾਂਝਾ ਕੀਤਾ ਗਿਆ ਹੈ, ਤਾਂ ਕਿਰਪਾ ਕਰਕੇ ਤੁਰੰਤ ਇਸਦੀ ਰਿਪੋਰਟ ਜਾਣਕਾਰੀ ਸੁਰੱਖਿਆ ਜਾਂ ਆਪਣੀ ਆਵਾਜ਼ ਉਠਾਓ (Speak Up) ਹੌਟਲਾਈਨ ਨੂੰ ਕਰੋ।



### ਗੁਪਤ ਜਾਣਕਾਰੀ ਕੀ ਹੁੰਦੀ ਹੈ?

ਗੁਪਤ ਜਾਣਕਾਰੀ ਵਿੱਚ ਕੰਪਨੀ ਜਾਂ ਤੀਜੀ-ਧਿਰ ਦੇ ਵਪਾਰਕ ਭਾਈਵਾਲਾਂ ਬਾਰੇ ਉਹ ਜਾਣਕਾਰੀ ਸ਼ਾਮਲ ਹੁੰਦੀ ਹੈ ਜੋ ਜਨਤਕ ਨਹੀਂ ਹੈ। ਇਸ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ: ਨਾ ਐਲਾਨੀ ਗਈ ਉਤਪਾਦ ਜਾਣਕਾਰੀ ਅਤੇ ਡਿਜ਼ਾਈਨ, ਕਾਰੋਬਾਰੀ ਜਾਂ ਰਣਨੀਤਕ ਯੋਜਨਾਵਾਂ, ਨਾ ਐਲਾਨੀਆਂ ਗਈਆਂ ਮਾਰਕੀਟਿੰਗ ਯੋਜਨਾਵਾਂ, ਕੀਮਤ ਅਤੇ ਪ੍ਰਚਾਰ ਰਣਨੀਤੀਆਂ, ਗਾਹਕਾਂ ਦਾ ਡਾਟਾ, ਵਿਕਰੇਤਾ ਡਾਟਾ, ਗੈਰ-ਜਨਤਕ ਵਿਕਰੀ ਅਤੇ ਮੁਨਾਫ਼ੇ ਦਾ ਡਾਟਾ, ਵਿੱਤੀ ਡਾਟਾ, ਬੌਧਿਕ ਸੰਪੱਤੀ ਅਤੇ ਸੁਰੱਖਿਆ ਅਭਿਆਸ, ਰੀਅਲ ਅਸਟੇਟ ਅਤੇ ਵਿਵਾਦ ਨਿਪਟਾਰੇ ਦੇ ਮਾਮਲਿਆਂ ਬਾਰੇ ਜਾਣਕਾਰੀ।



## ਬੌਧਿਕ ਸੰਪਤੀ ਕੀ ਹੁੰਦੀ ਹੈ?

ਬੌਧਿਕ ਸੰਪਤੀ ਵਿੱਚ ਬ੍ਰਾਂਡ ਅਤੇ ਡਿਜ਼ਾਈਨ, ਵਪਾਰਕ ਰਾਜ਼, ਟ੍ਰੇਡਮਾਰਕ ਅਤੇ ਕਾਪੀਰਾਈਟ ਕੀਤੀਆਂ ਸਮੱਗਰੀਆਂ ਜਿਵੇਂ ਕਿ ਕਿਤਾਬਾਂ ਅਤੇ ਫ਼ਿਲਮਾਂ, ਖੋਜਾਂ, ਸਾਫ਼ਟਵੇਅਰ ਅਤੇ ਹੋਰ ਕਿਸਮਾਂ ਦੀ ਸੰਪਤੀ ਸ਼ਾਮਲ ਹੋ ਸਕਦੀ ਹੈ। ਸਾਡੇ ਟ੍ਰੇਡਮਾਰਕ, ਜਿਨ੍ਹਾਂ ਵਿੱਚ Athleta, Banana Republic, Gap and Old Navy, ਸ਼ਾਮਲ ਹਨ, ਬਹੁਤ ਕੀਮਤੀ ਸੰਪਤੀਆਂ ਹਨ ਜਿਨ੍ਹਾਂ ਦੀ ਸਾਨੂੰ ਸੁਰੱਖਿਆ ਕਰਨੀ ਚਾਹੀਦੀ ਹੈ।

## ਸਾਡੇ ਟ੍ਰੇਡਮਾਰਕਾਂ ਦੀ ਨਕਲ ਅਤੇ ਅਣਅਧਿਕਾਰਿਤ ਵਰਤੋਂ ਦੀ ਰਿਪੋਰਟ ਕਰੋ।

ਜੇਕਰ ਤੁਹਾਡੇ ਕੋਲ ਨਕਲੀ ਵਪਾਰਕ ਸਮਾਨ ਦੀ ਵਿਕਰੀ ਜਾਂ Gap Inc. ਦੇ ਟ੍ਰੇਡਮਾਰਕਾਂ ਜਾਂ ਬ੍ਰਾਂਡਾਂ ਦੀ ਅਣਅਧਿਕਾਰਿਤ ਵਰਤੋਂ ਬਾਰੇ ਕੋਈ ਜਾਣਕਾਰੀ ਜਾਂ ਸਰੋਕਾਰ ਹਨ, ਜਿਨ੍ਹਾਂ ਵਿੱਚ ਵਿਕਰੇਤਾਵਾਂ ਦੁਆਰਾ ਸਾਡੇ ਸਾਮਾਨ ਦੀ ਗਲਤ ਤਰੀਕੇ ਨਾਲ ਵੰਡ ਜਾਂ "ਵਿਕਰੀ ਕਰਨਾ" ਸ਼ਾਮਲ ਹੈ, ਤਾਂ ਕਿਰਪਾ ਕਰਕੇ ਤੁਰੰਤ ਕਨੂੰਨੀ ਵਿਭਾਗ ਦੀ ਬ੍ਰਾਂਡ ਸੇਵਾਵਾਂ ਟੀਮ ਨਾਲ ਸੰਪਰਕ ਕਰੋ।

ਵਧੇਰੇ ਵੇਰਵਿਆਂ ਲਈ, ਵੇਖੋ: ਓਪਨ ਸੋਰਸ ਸਾਫ਼ਟਵੇਅਰ ਨੀਤੀ | ਬ੍ਰਾਂਡ ਸੁਰੱਖਿਆ ਅਤੇ ਨਕਲੀ ਉਤਪਾਦਾਂ ਸੰਬੰਧੀ ਦਿਸ਼ਾ-ਨਿਰਦੇਸ਼

# ਸਵਾਲ ਅਤੇ ਜਵਾਬ

ਸਵਾਲ: ਕੰਪਨੀ ਮੇਰੇ ਮਨਪਸੰਦ ਡਿਜ਼ਾਈਨਰ ਨਾਲ ਨਵੀਂ ਭਾਈਵਾਲੀ ਨੂੰ ਅੰਤਿਮ ਰੂਪ ਦੇ ਰਹੀ ਹੈ। ਜਨਤਕ ਐਲਾਨ ਅਗਲੇ ਹਫ਼ਤੇ ਲਈ ਤੈਅ ਕੀਤਾ ਗਿਆ ਹੈ, ਅਤੇ ਮੈਂ ਇਸ ਵਿੱਚ ਭਾਗ ਲੈਣ ਲਈ ਬਹੁਤ ਉਤਸ਼ਾਹਿਤ ਹਾਂ। ਕੀ ਮੈਂ ਇਸ ਬਾਰੇ ਕੁਝ ਨਜ਼ਦੀਕੀ ਦੋਸਤਾਂ ਨੂੰ ਦੱਸ ਸਕਦਾ/ਸਕਦੀ ਹਾਂ?

ਜਵਾਬ: ਨਹੀਂ। ਸਾਡੀਆਂ ਕੁਝ ਯੋਜਨਾਵਾਂ ਭਾਵੇਂ ਦਿਲਚਸਪ ਹੋਣ, ਪਰ ਜੇਕਰ ਉਹ ਜਨਤਕ ਨਹੀਂ ਹਨ, ਤਾਂ ਉਹ ਸਾਂਝੀਆਂ ਨਹੀਂ ਕੀਤੀਆਂ ਜਾ ਸਕਦੀਆਂ। ਤੁਹਾਨੂੰ ਕਦੇ ਵੀ ਗੈਰ-ਜਨਤਕ ਜਾਂ ਗੁਪਤ ਜਾਣਕਾਰੀ ਕਿਸੇ ਵੀ ਅਜਿਹੇ ਵਿਅਕਤੀ ਨਾਲ ਸਾਂਝੀ ਨਹੀਂ ਕਰਨੀ ਚਾਹੀਦੀ ਜੋ ਇਸਨੂੰ ਜਾਣਨ ਲਈ ਵਿਸ਼ੇਸ਼ ਤੌਰ 'ਤੇ ਅਧਿਕਾਰਿਤ ਨਹੀਂ ਹੈ।

ਸਵਾਲ: ਸਾਡੇ ਸਟੋਰ ਦੇ ਟੈਬਲੇਟਾਂ 'ਤੇ ਇੱਕ ਐਪਲੀਕੇਸ਼ਨ ਹੈ ਜੋ ਮੈਨੂੰ ਲੱਗਦਾ ਹੈ ਕਿ ਮੇਰੀ ਭਤੀਜੀ ਲਈ ਬਹੁਤ ਮਦਦਗਾਰ ਹੋਵੇਗੀ, ਪਰ ਇੰਝ ਲੱਗਦਾ ਹੈ ਕਿ ਇਹ ਕਿਤੇ ਵੀ ਉਪਲਬਧ ਨਹੀਂ ਹੈ। ਕੀ ਮੈਂ ਇਸ ਨੂੰ ਕਾਪੀ ਕਰ ਸਕਦਾ/ਸਕਦੀ ਹਾਂ?

ਜਵਾਬ: ਨਹੀਂ। ਬੌਧਿਕ ਸੰਪੱਤੀ ਦੇ ਕਨੂੰਨਾਂ ਅਤੇ ਸਾਫ਼ਟਵੇਅਰ ਕਾਪੀਰਾਈਟਾਂ ਦਾ ਸਤਿਕਾਰ ਕਰਨ ਲਈ, Gap Inc. ਕਿਸੇ ਨੂੰ ਵੀ ਬਿਨਾਂ ਉਚਿਤ ਲਾਇਸੈਂਸ ਜਾਂ ਅਧਿਕਾਰ ਦੇ ਸਾਡੀ ਜਾਂ ਕਿਸੇ ਤੀਜੀ-ਧਿਰ ਦੀ ਬੌਧਿਕ ਸੰਪੱਤੀ ਦੀ ਕਾਪੀ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਹੈ।

ਸਵਾਲ: ਮੈਨੂੰ ਖੋਜ ਫਰਮ ਵੱਲੋਂ ਸੰਪਰਕ ਕੀਤਾ ਗਿਆ ਹੈ ਤਾਂ ਜੋ ਮੈਂ ਉਨ੍ਹਾਂ ਦੇ ਕਲਾਇੰਟ ਨਾਲ ਇਕ ਘੰਟੇ ਲਈ ਪ੍ਰਚੂਨ ਵਿਕਰੀ ਬਾਜ਼ਾਰ ਬਾਰੇ ਚਰਚਾ ਕਰ ਸਕਾਂ, ਅਤੇ ਉਨ੍ਹਾਂ ਨੇ ਮੈਨੂੰ ਇਸਦੇ ਬਦਲੇ ਫ਼ੀਸ ਦੇਣ ਦੀ ਪੇਸ਼ਕਸ਼ ਕੀਤੀ ਹੈ। ਕੀ ਮੈਂ ਇਸ ਵਿੱਚ ਭਾਗ ਲੈ ਸਕਦਾ/ਸਕਦੀ ਹਾਂ?

ਜਵਾਬ: ਇਹ ਨਿਰਭਰ ਕਰਦਾ ਹੈ। ਖੋਜ ਫਰਮਾਂ ਨਾਲ ਇੰਟਰਵਿਊ ਵਿੱਚ ਹਿੱਸਾ ਲੈਣਾ ਤੁਹਾਨੂੰ ਆਸਾਨੀ ਨਾਲ ਅਜਿਹੀ ਸਥਿਤੀ ਵਿੱਚ ਪਾ ਸਕਦਾ ਹੈ ਜਿੱਥੇ ਤੁਹਾਨੂੰ ਗੁਪਤ ਜਾਣਕਾਰੀ ਮੰਗੀ ਜਾ ਸਕਦੀ ਹੈ ਜਾਂ ਤੁਸੀਂ ਅਣਜਾਣੇ ਵਿੱਚ ਉਹ ਜਾਣਕਾਰੀ ਦੇ ਸਕਦੇ ਹੋ। ਇਸ ਤਰ੍ਹਾਂ ਦੀ ਸਥਿਤੀ ਸੰਭਾਵੀ ਹਿੱਤਾਂ ਦੇ ਟਕਰਾਅ ਨੂੰ ਵੀ ਜਨਮ ਦੇ ਸਕਦੀ ਹੈ, ਇਸ ਲਈ ਹਿਤਾਂ ਦੇ ਟਕਰਾਅ ਸੰਬੰਧੀ ਨੀਤੀ ਵਿੱਚ ਦੱਸੀਆਂ ਗਈਆਂ ਖੁਲਾਸੇ ਦੀਆਂ ਲੋੜਾਂ ਦੀ ਪਾਲਣਾ ਕਰਨਾ ਯਕੀਨੀ ਬਣਾਓ।

# ਨਿੱਜਤਾ



## ਨਿੱਜੀ ਜਾਣਕਾਰੀ ਕੀ ਹੁੰਦੀ ਹੈ?

ਨਿੱਜੀ ਜਾਣਕਾਰੀ ਤੋਂ ਭਾਵ ਅਜਿਹੀ ਕੋਈ ਵੀ ਜਾਣਕਾਰੀ ਹੈ ਜੋ ਕਿਸੇ ਪਛਾਣੇ ਗਏ ਜਾਂ ਪਛਾਣ ਕੀਤੇ ਜਾਣ ਯੋਗ ਵਿਅਕਤੀ ਨਾਲ ਸੰਬੰਧਿਤ ਹੁੰਦੀ ਹੈ। ਨਿੱਜੀ ਜਾਣਕਾਰੀ ਵਿੱਚ ਕੋਈ ਇਕੱਲੀ ਜਾਣਕਾਰੀ ਹੋ ਸਕਦੀ ਹੈ ਜੋ ਸਿੱਧੇ ਤੌਰ 'ਤੇ ਕਿਸੇ ਵਿਅਕਤੀ ਦੀ ਪਛਾਣ ਕਰਦੀ ਹੋਵੇ — ਜਿਵੇਂ ਕਿ ਨਾਮ, ਈਮੇਲ ਪਤਾ ਜਾਂ ਫ਼ੋਨ ਨੰਬਰ — ਜਾਂ ਫਿਰ ਹੋਰ ਜਾਣਕਾਰੀ ਨਾਲ ਮਿਲ ਕੇ, ਅਸਿੱਧੇ ਤੌਰ 'ਤੇ ਉਸਦੀ ਪਛਾਣ ਕਰਦੀ ਹੋਵੇ ਜਾਂ ਉਸਨੂੰ ਪਛਾਣਨ ਯੋਗ ਬਣਾਉਂਦੀ ਹੋਵੇ — ਜਿਵੇਂ ਕਿ IP ਪਤਾ, ਡੀਵਾਈਸ ID ਜਾਂ ਮਾਰਕੀਟਿੰਗ ਆਈਡੈਂਟੀਫਾਇਰ।

ਕੁਝ ਨਿੱਜੀ ਜਾਣਕਾਰੀਆਂ ਨੂੰ ਦੂਜੀਆਂ ਜਾਣਕਾਰੀਆਂ ਦੇ ਮੁਕਾਬਲੇ ਜ਼ਿਆਦਾ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ, ਅਤੇ ਇਸਦੇ ਲੀਕ ਹੋਣ ਜਾਂ ਗਲਤ ਵਰਤੋਂ ਦੇ ਸੰਭਾਵੀ ਨੁਕਸਾਨਾਂ ਕਰਕੇ ਇਸਦੀ ਸੁਰੱਖਿਆ ਲਈ ਵਧੇਰੇ ਸਖ਼ਤ ਨਿਯਮ ਲਾਗੂ ਹੁੰਦੇ ਹਨ। ਸੰਵੇਦਨਸ਼ੀਲ ਨਿੱਜੀ ਜਾਣਕਾਰੀ ਦੀਆਂ ਉਦਾਹਰਨਾਂ ਵਿੱਚ ਅਕਾਊਂਟ ਲੌਗਇਨ ਕ੍ਰੇਡੈਂਸ਼ੀਅਲ, ਕ੍ਰੈਡਿਟ ਕਾਰਡ ਦੀ ਜਾਣਕਾਰੀ, SSN, ਨਸਲੀ ਜਾਂ ਜਾਤੀ ਮੂਲ, ਧਾਰਮਿਕ ਵਿਸ਼ਵਾਸ, ਅਪਰਾਧਕ ਰਿਕਾਰਡ ਅਤੇ ਕਿਸੇ ਵਿਅਕਤੀ ਦੀ ਸਿਹਤ ਜਾਂ ਜਿਨਸੀ ਰੁਝਾਨ ਬਾਰੇ ਜਾਣਕਾਰੀ ਸ਼ਾਮਲ ਹੈ।

## ਇਹ ਕਿਉਂ ਮਹੱਤਵਪੂਰਨ ਹੈ।*

ਅਸੀਂ ਹਰ ਰੋਜ਼ ਗਾਹਕਾਂ ਨਾਲ ਜੁੜਨ, ਆਪਣੇ ਕਰਮਚਾਰੀਆਂ ਦਾ ਪ੍ਰਬੰਧਨ ਕਰਨ, ਵਪਾਰਕ ਕਾਰਜਾਂ ਨੂੰ ਚਲਾਉਣ ਅਤੇ ਸਾਡੀਆਂ ਕਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਨਿੱਜੀ ਜਾਣਕਾਰੀ ਦੀ ਵਰਤੋਂ ਕਰਦੇ ਹਾਂ। ਇਸ ਵਿਸ਼ਵਾਸ ਨੂੰ ਕਮਾਉਣਾ ਅਤੇ ਕਾਇਮ ਰੱਖਣਾ ਸਾਡੇ ਕਾਰੋਬਾਰ ਲਈ ਸਭ ਤੋਂ ਮਹੱਤਵਪੂਰਨ ਹੈ। ਅਸੀਂ ਉਨ੍ਹਾਂ ਨਿੱਜਤਾ ਕਨੂੰਨਾਂ ਦੀ ਪਾਲਣਾ ਕਰਨ ਲਈ ਵਚਨਬੱਧ ਹਾਂ ਜੋ ਉਨ੍ਹਾਂ ਅਧਿਕਾਰ ਖੇਤਰਾਂ ਵਿੱਚ ਲਾਗੂ ਹੁੰਦੇ ਹਨ ਜਿੱਥੇ ਅਸੀਂ ਕਾਰੋਬਾਰ ਕਰਦੇ ਹਾਂ, ਨਾਲ ਹੀ ਸਾਡੀਆਂ ਆਪਣੀਆਂ ਅੰਦਰੂਨੀ ਨੀਤੀਆਂ ਅਤੇ ਮਾਪਦੰਡਾਂ ਦੀ ਵੀ ਪਾਲਣਾ ਕਰਦੇ ਹਾਂ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਨਿੱਜੀ ਜਾਣਕਾਰੀ ਨੂੰ ਸੰਭਾਲਦੇ ਸਮੇਂ ਸਾਵਧਾਨੀ ਅਤੇ ਗੋਪਨੀਯਤਾ ਵਰਤੋ।** ਸਾਰੇ ਕਰਮਚਾਰੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਲਾਗੂ ਨਿੱਜਤਾ ਕਨੂੰਨਾਂ ਅਤੇ ਅੰਦਰੂਨੀ ਨਿੱਜਤਾ ਨੀਤੀਆਂ ਦੇ ਅਨੁਸਾਰ ਨਿੱਜੀ ਜਾਣਕਾਰੀ ਨੂੰ ਇਕੱਤਰ ਕਰਨ, ਵਰਤਣ, ਖੁਲਾਸਾ ਕਰਨ ਅਤੇ ਸੁਰੱਖਿਅਤ ਕਰਨ, ਜਿਸ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

- ਨਿੱਜੀ ਜਾਣਕਾਰੀ 'ਤੇ ਕਨੂੰਨੀ, ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਪ੍ਰਕਿਰਿਆ ਕਰਨਾ।
- ਸਿਰਫ਼ ਉਹੀ ਨਿੱਜੀ ਜਾਣਕਾਰੀ ਇਕੱਠੀ ਕਰਨਾ ਜੋ ਵਪਾਰਕ ਉਦੇਸ਼ਾਂ ਲਈ ਜ਼ਰੂਰੀ ਹੈ।
- ਨਿੱਜੀ ਜਾਣਕਾਰੀ ਦੀ ਵਰਤੋਂ ਸਿਰਫ਼ ਨਿਰਧਾਰਿਤ ਅਤੇ ਦੱਸੇ ਗਏ ਵਪਾਰਕ ਉਦੇਸ਼ਾਂ ਲਈ ਹੀ ਕਰਨਾ।
- ਨਿੱਜੀ ਜਾਣਕਾਰੀ ਨੂੰ ਸਹੀ ਰੱਖਣਾ।
- ਨਿੱਜੀ ਜਾਣਕਾਰੀ ਨੂੰ ਲੋੜ ਤੋਂ ਵੱਧ ਸਮੇਂ ਤੱਕ ਆਪਣੇ ਕੋਲ ਨਾ ਰੱਖਣਾ। ਮਾਰਗਦਰਸ਼ਨ ਲਈ ਕਾਰਪੋਰੇਟ ਰਿਕਾਰਡ ਅਤੇ ਜਾਣਕਾਰੀ ਪ੍ਰਬੰਧਨ (RIM) ਨੀਤੀ ਵੇਖੋ।
- ਇਹ ਯਕੀਨੀ ਬਣਾਉਣਾ ਕਿ ਨਿੱਜੀ ਜਾਣਕਾਰੀ ਨੂੰ ਉਚਿਤ ਢੰਗ ਨਾਲ ਸੁਰੱਖਿਅਤ ਕੀਤਾ ਗਿਆ ਹੈ।
- ਨਿੱਜਤਾ ਦੀ ਪਾਲਣਾ ਲਈ ਜਵਾਬਦੇਹ ਹੋਣਾ।

**ਆਪਣੀ ਆਵਾਜ਼ ਉਠਾਓ (SPEAK UP)।** ਜੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹੋਣ, ਤਾਂ ਨਿੱਜਤਾ ਨਾਲ ਸੰਪਰਕ ਕਰੋ। ਜੇਕਰ ਤੁਹਾਨੂੰ ਨਿੱਜੀ ਜਾਣਕਾਰੀ ਦੇ ਅਣਅਧਿਕਾਰਿਤ ਖੁਲਾਸੇ ਜਾਂ ਗਲਤ ਵਰਤੋਂ ਦੀ ਕਿਸੇ ਅਸਲ ਜਾਂ ਸ਼ੱਕੀ ਘਟਨਾ ਬਾਰੇ ਪਤਾ ਲੱਗਦਾ ਹੈ, ਤਾਂ ਤੁਰੰਤ ਜਾਣਕਾਰੀ ਸੁਰੱਖਿਆ ਨਾਲ ਸੰਪਰਕ ਕਰਕੇ ਇਸ ਦੀ ਰਿਪੋਰਟ ਕਰੋ।

ਵਧੇਰੇ ਜਾਣਕਾਰੀ ਲਈ, ਡਾਟਾ ਸੁਰੱਖਿਆ ਨੀਤੀ ਅਤੇ ਅਭਿਆਸ ਗਾਈਡ ਵੇਖੋ

## ਸਵਾਲ ਅਤੇ ਜਵਾਬ

ਸਵਾਲ: ਮੇਰੇ ਸਾਬਕਾ ਅਧਿਆਪਕ ਪਿਛਲੇ ਹਫ਼ਤੇ ਮੇਰੇ ਸਟੋਰ ਵਿੱਚ ਆਏ ਸਨ, ਪਰ ਸਾਨੂੰ ਗੱਲ ਕਰਨ ਦਾ ਮੌਕਾ ਨਹੀਂ ਮਿਲਿਆ। ਮੈਂ ਉਨ੍ਹਾਂ ਨਾਲ ਦੁਬਾਰਾ ਜੁੜਨਾ ਚਾਹੁੰਦਾ/ਚਾਹੁੰਦੀ ਹਾਂ, ਇਸ ਲਈ ਕੀ ਗਾਹਕਾਂ ਦੀ ਜਾਣਕਾਰੀ ਦੇ ਰਿਕਾਰਡਾਂ ਵਿੱਚੋਂ ਉਨ੍ਹਾਂ ਦਾ ਈਮੇਲ ਪਤਾ ਪ੍ਰਾਪਤ ਕਰਨਾ ਮੇਰੇ ਲਈ ਠੀਕ ਹੈ?

ਜਵਾਬ: ਨਹੀਂ। ਤੁਹਾਨੂੰ ਨਿੱਜੀ ਵਰਤੋਂ ਲਈ ਗਾਹਕਾਂ ਦੀ ਜਾਣਕਾਰੀ ਤੱਕ ਪਹੁੰਚ ਨਹੀਂ ਕਰਨੀ ਚਾਹੀਦੀ। ਸਾਡੇ ਦੁਆਰਾ ਇਕੱਠੀ ਕੀਤੀ ਗਈ ਸਾਰੀ ਗਾਹਕ ਜਾਣਕਾਰੀ ਨੂੰ ਸਹੀ ਢੰਗ ਨਾਲ ਸੰਭਾਲਿਆ ਜਾਣਾ ਚਾਹੀਦਾ ਹੈ ਅਤੇ ਸਿਰਫ਼ ਨਿਰਧਾਰਿਤ ਅਤੇ ਦੱਸੇ ਗਏ ਵਪਾਰਕ ਉਦੇਸ਼ਾਂ ਲਈ ਹੀ ਵਰਤਿਆ ਜਾਣਾ ਚਾਹੀਦਾ ਹੈ।

ਸਵਾਲ: ਮੈਂ ਇੱਕ ਨਵੇਂ ਸੰਭਾਵੀ ਵਿਕਰੇਤਾ ਨਾਲ ਕੰਮ ਕਰ ਰਿਹਾ/ਰਹੀ ਹਾਂ, ਜੋ ਸਾਡੀ ਆਉਣ ਵਾਲੀ ਗਾਹਕ ਈਮੇਲ ਮੁਹਿੰਮ ਵਿੱਚ ਮਦਦ ਕਰੇਗਾ। ਕੀ ਮੇਰੇ ਲਈ ਅੱਗੇ ਵਧਣਾ ਅਤੇ ਉਨ੍ਹਾਂ ਨੂੰ ਸਾਡਾ ਗਾਹਕ ਡਾਟਾ ਭੇਜਣਾ ਠੀਕ ਹੈ ਤਾਂ ਜੋ ਉਹ ਸ਼ੁਰੂਆਤ ਕਰ ਸਕਣ?

ਜਵਾਬ: ਨਹੀਂ। ਤੁਸੀਂ ਅਜੇ ਵਿਕਰੇਤਾ ਨੂੰ ਗਾਹਕਾਂ ਦਾ ਡਾਟਾ ਨਹੀਂ ਭੇਜ ਸਕਦੇ। ਵਿਕਰੇਤਾ ਨੂੰ ਸ਼ਾਮਲ ਕਰਨ ਦੀ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਜੇਕਰ ਉਹ ਨਿੱਜੀ ਜਾਣਕਾਰੀ ਨਾਲ ਕੰਮ ਕਰ ਰਹੇ ਹਨ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਡਾਟਾ ਦਾ ਖੁਲਾਸਾ ਕਰਨ ਲਈ ਜਾਇਜ਼ ਵਪਾਰਕ ਲੋੜ ਹੋਵੇ, ਲੋੜੀਂਦੀਆਂ ਅੰਦਰੂਨੀ ਮਨਜ਼ੂਰੀਆਂ ਪ੍ਰਾਪਤ ਕੀਤੀਆਂ ਜਾਣ, ਅਤੇ ਸਾਡੀ ਡਾਟਾ ਸੁਰੱਖਿਆ ਨੀਤੀ ਅਤੇ ਅਭਿਆਸ ਗਾਈਡ ਦੀ ਪਾਲਣਾ ਕੀਤੀ ਜਾਵੇ।

# ਜਾਣਕਾਰੀ ਸੁਰੱਖਿਆ



## ਇਹ ਕਿਉਂ ਮਹੱਤਵਪੂਰਨ ਹੈ।

ਸਾਡੇ ਸਿਸਟਮਾਂ ਅਤੇ ਨੈੱਟਵਰਕਾਂ ਦਾ ਸੁਰੱਖਿਅਤ ਰਹਿਣਾ ਅਤੇ ਅਣਅਧਿਕਾਰਿਤ ਪਹੁੰਚ ਤੋਂ ਬਚੇ ਰਹਿਣਾ ਜ਼ਰੂਰੀ ਹੈ, ਤਾਂ ਜੋ ਅਸੀਂ ਆਪਣਾ ਕਾਰੋਬਾਰ ਚਲਾ ਸਕੀਏ ਅਤੇ ਆਪਣੇ ਗਾਹਕਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸੇਵਾਵਾਂ ਪ੍ਰਦਾਨ ਕਰ ਸਕੀਏ। ਹਾਲਾਂਕਿ ਸਾਡੀ ਜਾਣਕਾਰੀ ਸੁਰੱਖਿਆ ਟੀਮ ਖ਼ਤਰਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਸਾਹਮਣਾ ਕਰਨ ਲਈ ਇੱਕ ਸਾਈਬਰ-ਸੁਰੱਖਿਆ ਪ੍ਰੋਗਰਾਮ ਚਲਾਉਂਦੀ ਹੈ, ਫਿਰ ਵੀ ਸਾਡੇ ਸਿਸਟਮਾਂ ਦੀ ਸੁਰੱਖਿਆ ਵਿੱਚ ਅਸੀਂ ਸਾਰੇ ਅਹਿਮ ਭੂਮਿਕਾ ਨਿਭਾਉਂਦੇ ਹਾਂ।

## ਤੁਹਾਡੀਆਂ ਜ਼ਿੰਮੇਵਾਰੀਆਂ।

ਡਾਟਾ ਲੀਕ ਅਤੇ ਸਾਈਬਰ-ਸੁਰੱਖਿਆ ਦੀਆਂ ਘਟਨਾਵਾਂ ਕਈ ਤਰੀਕਿਆਂ ਨਾਲ ਹੋ ਸਕਦੀਆਂ ਹਨ, ਜਿਵੇਂ ਕਿ ਤੁਹਾਡਾ ਲੈਪਟਾਪ ਗੁਆਚ ਜਾਣ, ਪਾਸਵਰਡ ਸਾਂਝੇ ਕਰਨ, ਅਸੁਰੱਖਿਅਤ ਵਾਈ-ਫਾਈ ਨੈੱਟਵਰਕ ਨਾਲ ਜੁੜਨ ਅਤੇ ਨੁਕਸਾਨਦੇਹ ਸਾਫ਼ਟਵੇਅਰ ਡਾਊਨਲੋਡ ਕਰਨ ਕਰਕੇ।

**ਇਸਨੂੰ ਸੁਰਖਿਅਤ ਰੱਖੋ।** ਆਪਣੇ ਪਾਸਵਰਡ ਜਾਂ ਆਪਣੇ ਲੌਗਇਨ ਵੇਰਵੇ ਕਦੇ ਵੀ ਦੂਜਿਆਂ ਨਾਲ ਸਾਂਝੇ ਨਾ ਕਰੋ। ਗੁਆਚਣ ਜਾਂ ਅਣਅਧਿਕਾਰਿਤ ਵਰਤੋਂ ਤੋਂ ਬਚਣ ਲਈ ਆਪਣੇ ਲੈਪਟਾਪ ਅਤੇ ਹੋਰ ਡੀਵਾਈਸਾਂ ਨੂੰ ਭੌਤਿਕ ਤੌਰ 'ਤੇ ਆਪਣੇ ਕੰਟਰੋਲ ਵਿੱਚ ਰੱਖੋ।

**ਸਾਵਧਾਨੀ ਵਰਤੋ।**

- ਸ਼ੱਕੀ ਜਾਂ ਅਣਜਾਣ ਧਿਰਾਂ ਵੱਲੋਂ ਆਉਣ ਵਾਲੀਆਂ ਈਮੇਲਾਂ ਤੋਂ ਸੁਚੇਤ ਰਹੋ। ਇਹ ਫ਼ਿਸ਼ਿੰਗ ਦੀਆਂ ਕੋਸ਼ਿਸ਼ਾਂ ਹੋ ਸਕਦੀਆਂ ਹਨ ਜਾਂ ਇਨ੍ਹਾਂ ਵਿੱਚ ਅਜਿਹੀਆਂ ਫ਼ਾਈਲਾਂ ਹੋ ਸਕਦੀਆਂ ਹਨ ਜੋ ਸਾਡੇ ਸਿਸਟਮਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਕਿਸੇ ਵੀ ਸ਼ੱਕੀ ਈਮੇਲ ਦੀ ਰਿਪੋਰਟ reportphish@gap.com 'ਤੇ ਕਰੋ।
- ਜੇਕਰ ਤੁਸੀਂ ਕਿਸੇ ਜਨਤਕ ਨੈੱਟਵਰਕ ਨਾਲ ਜੁੜਦੇ ਹੋ, ਤਾਂ Gap Inc. ਦੀ ਕਿਸੇ ਵੀ ਡਿਜੀਟਲ ਸੰਪਤੀ ਤੱਕ ਪਹੁੰਚ ਕਰਨ ਤੋਂ ਪਹਿਲਾਂ ਗਲੋਬਲ ਪ੍ਰੋਟੈਕਟ VPN ਨਾਲ ਕਨੈਕਟ ਕਰਕੇ ਇਹ ਯਕੀਨੀ ਬਣਾਓ ਕਿ ਤੁਹਾਡਾ ਕਨੈਕਸ਼ਨ ਸੁਰੱਖਿਅਤ ਹੈ।

**ਸਾਡੇ ਨਿਯਮਾਂ ਦੀ ਪਾਲਣਾ ਕਰੋ।** ਇਹ ਯਕੀਨੀ ਬਣਾਓ ਕਿ ਤੁਸੀਂ ਸਾਡੇ ਸਿਸਟਮਾਂ ਅਤੇ ਨੈੱਟਵਰਕਾਂ ਦੀ ਵਰਤੋਂ ਅਤੇ ਨਿੱਜੀ ਜਾਣਕਾਰੀ ਦੀ ਸੁਰੱਖਿਆ ਨਾਲ ਸੰਬੰਧਿਤ ਸਾਰੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਤੋਂ ਚੰਗੀ ਤਰ੍ਹਾਂ ਵਾਕਫ਼ ਹੋ।

**ਆਪਣੀ ਆਵਾਜ਼ ਉਠਾਓ (SPEAK UP)।** ਕੰਪਨੀ ਦੇ ਸਿਸਟਮਾਂ, ਨੈੱਟਵਰਕਾਂ, ਕੰਪਿਊਟਰਾਂ ਜਾਂ ਹੋਰ ਡੀਵਾਈਸਾਂ ਦੀ ਗੁਣਵੱਤਾ ਅਤੇ ਭਰੋਸੇਯੋਗਤਾ, ਸੁਰੱਖਿਆ, ਗੋਪਨੀਯਤਾ ਜਾਂ ਉਪਲਬਧਤਾ ਨਾਲ ਕਿਸੇ ਵੀ ਅਸਲ ਜਾਂ ਸ਼ੱਕੀ ਸਮਝੌਤੇ ਜਾਂ ਉਲੰਘਣਾ ਦੀ ਤੁਰੰਤ ਜਾਣਕਾਰੀ ਸੁਰੱਖਿਆ ਨੂੰ ਰਿਪੋਰਟ ਕਰੋ। ਇਸ ਵਿੱਚ ਕੰਪਨੀ ਦੀ ਜਾਣਕਾਰੀ ਜਾਂ ਸਾਡੇ ਗਾਹਕਾਂ, ਕਰਮਚਾਰੀਆਂ, ਵਿਕਰੇਤਾਵਾਂ ਅਤੇ ਕੰਪਨੀ ਨਾਲ ਜੁੜੀਆਂ ਤੀਜੀਆਂ ਧਿਰਾਂ ਦੀ ਨਿੱਜੀ ਜਾਣਕਾਰੀ ਤੱਕ ਕਿਸੇ ਵੀ ਅਸਲ ਜਾਂ ਸ਼ੱਕੀ ਅਣਅਧਿਕਾਰਿਤ ਪਹੁੰਚ ਜਾਂ ਖੁਲਾਸੇ ਨਾਲ ਸੰਬੰਧਿਤ ਘਟਨਾਵਾਂ ਸ਼ਾਮਲ ਹਨ।

ਵਧੇਰੇ ਜਾਣਕਾਰੀ ਲਈ, ਜਾਣਕਾਰੀ ਸੁਰੱਖਿਆ ਸੰਬੰਧੀ ਨੀਤੀ ਦੇਖੋ

### ਸਾਡੇ ਸਿਸਟਮ ਅਤੇ ਨੈੱਟਵਰਕ ਕੀ ਹਨ?

ਸਾਡੇ ਸਿਸਟਮਾਂ ਅਤੇ ਨੈੱਟਵਰਕਾਂ ਵਿੱਚ ਆਪਸੀ ਤਾਲਮੇਲ ਵਾਲੇ ਪਲੇਟਫਾਰਮ ਜਿਵੇਂ ਕਿ ਈਮੇਲ, Zoom ਅਤੇ Microsoft Teams, ਸਾਂਝੀਆਂ ਡ੍ਰਾਈਵਜ਼, ਲੈਪਟਾਪ, ਮੋਬਾਈਲ ਡੀਵਾਈਸ ਅਤੇ ਸਾਫ਼ਟਵੇਅਰ ਐਪਲੀਕੇਸ਼ਨ ਸ਼ਾਮਲ ਹਨ।

## ਸਵਾਲ ਅਤੇ ਜਵਾਬ

ਸਵਾਲ: ਜਦੋਂ ਮੈਂ ਇੱਕ ਵਿਕਰੇਤਾ ਨੂੰ ਮਿਲਣ ਲਈ ਦੌਰੇ 'ਤੇ ਸੀ, ਤਾਂ ਮੇਰਾ ਲੈਪਟਾਪ ਬੰਦ ਹੋ ਗਿਆ ਅਤੇ ਮੈਂ ਆਪਣਾ ਚਾਰਜਰ ਭੁੱਲ ਗਿਆ/ਗਈ। ਵਿਕਰੇਤਾ ਨੇ ਮੈਨੂੰ ਆਪਣੀ Gap Inc. ਸਾਂਝੀ ਡ੍ਰਾਈਵ ਅਤੇ ਈਮੇਲ ਤੱਕ ਪਹੁੰਚ ਕਰਨ ਲਈ ਉਨ੍ਹਾਂ ਦੇ ਨੈੱਟਵਰਕ 'ਤੇ ਉਨ੍ਹਾਂ ਦੇ ਲੈਪਟਾਪਾਂ ਵਿੱਚੋਂ ਇੱਕ ਦੀ ਵਰਤੋਂ ਕਰਨ ਦੀ ਪੇਸ਼ਕਸ਼ ਕੀਤੀ। ਕੀ ਇਹ ਸਹੀ ਹੈ?

ਜਵਾਬ: ਇਹ ਨਿਰਭਰ ਕਰਦਾ ਹੈ। ਸਾਡੇ ਸਿਸਟਮਾਂ, ਈਮੇਲ ਅਤੇ ਸਾਂਝੀਆਂ ਡ੍ਰਾਈਵਾਂ ਦੀ ਵਰਤੋਂ ਕਰਦੇ ਸਮੇਂ, ਤੁਹਾਨੂੰ ਜਨਤਕ ਵਾਈ-ਫਾਈ ਨੈੱਟਵਰਕਾਂ ਸਮੇਤ ਕਿਸੇ ਵੀ ਨੈੱਟਵਰਕ ਨਾਲ ਜੁੜਨ ਵੇਲੇ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ। ਕਿਸੇ ਵੀ ਸ਼ੱਕ ਦੀ ਸਥਿਤੀ ਵਿੱਚ ਅਤੇ ਕਿਸੇ ਅਣਜਾਣ ਨੈੱਟਵਰਕ 'ਤੇ ਆਪਣੇ ਲੌਗਇਨ ਵੇਰਵੇ ਵਰਤਣ ਤੋਂ ਪਹਿਲਾਂ, 866-411-CSSC (2772), x20600 'ਤੇ ਕਾਲ ਕਰਕੇ GapTech ਤੋਂ ਮਾਰਗਦਰਸ਼ਨ ਲਓ।

ਸਵਾਲ: ਮੈਨੂੰ ਸਟੋਰ ਦੇ ਅੰਦਰ ਆਪਣੇ ਨਿੱਜੀ ਫ਼ੋਨ ਦੇ ਸਿਗਨਲ ਮਿਲਣ ਵਿੱਚ ਮੁਸ਼ਕਲ ਆ ਰਹੀ ਹੈ। ਕੀ ਸਟੋਰ ਦੀਆਂ ਟੈਬਲੇਟਾਂ ਵਿੱਚੋਂ ਕਿਸੇ ਇੱਕ 'ਤੇ ਵਰਤਣ ਲਈ ਆਪਣੀ ਪਸੰਦੀਦਾ ਸੋਸ਼ਲ ਮੀਡੀਆ ਐਪ ਡਾਊਨਲੋਡ ਕਰਨਾ ਸਹੀ ਹੈ?

ਜਵਾਬ: ਨਹੀਂ। Gap Inc. ਦੇ ਸਿਸਟਮਾਂ ਅਤੇ ਨੈੱਟਵਰਕਾਂ 'ਤੇ ਕਿਸੇ ਵੀ ਅਣਅਧਿਕਾਰਿਤ ਸਾਫ਼ਟਵੇਅਰ ਐਪਲੀਕੇਸ਼ਨ ਨੂੰ ਡਾਊਨਲੋਡ ਨਾ ਕਰੋ ਜਾਂ ਨਾ ਹੀ ਉਸ ਦੀ ਵਰਤੋਂ ਕਰੋ।

# ਜਾਇਦਾਦ ਅਤੇ ਸੰਪਤੀਆਂ

## ਇਹ ਕਿਉਂ ਮਹੱਤਵਪੂਰਨ ਹੈ।

ਨਵੀਨਤਾ ਸਾਡੇ ਹਰ ਕੰਮ ਅਤੇ ਹਰ ਉਤਪਾਦ ਵਿੱਚ ਰਚੀ-ਵਸੀ ਹੋਈ ਹੈ, ਇਸ ਲਈ ਵਿੱਤੀ ਨੁਕਸਾਨ ਨੂੰ ਘੱਟ ਕਰਨ ਅਤੇ ਟਿਕਾਊ ਵਿਕਾਸ ਨੂੰ ਹੁਲਾਰਾ ਦੇਣ ਲਈ Gap Inc. ਦੀ ਜਾਇਦਾਦ ਅਤੇ ਸੰਪਤੀਆਂ ਨੂੰ ਗਲਤ ਵਰਤੋਂ, ਨੁਕਸਾਨ ਅਤੇ ਚੋਰੀ ਤੋਂ ਸੁਰੱਖਿਅਤ ਰੱਖਣਾ ਮਹੱਤਵਪੂਰਨ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਇਸਦੀ ਸਹੀ ਵਰਤੋਂ ਕਰੋ।** ਕੰਪਨੀ ਦੀ ਜਾਇਦਾਦ ਦੀ ਵਰਤੋਂ ਸਿਰਫ਼ ਕਾਰੋਬਾਰੀ ਉਦੇਸ਼ਾਂ ਲਈ ਹੀ ਕਰੋ। ਬਿਨਾਂ ਇਜਾਜ਼ਤ ਦੇ ਨਿੱਜੀ ਉਦੇਸ਼ਾਂ ਲਈ Gap Inc. ਦੀ ਜਾਇਦਾਦ ਲੈਣਾ ਜਾਂ ਵਰਤਣਾ, ਜਿਸ ਵਿੱਚ ਸੈਂਪਲ ਵੀ ਸ਼ਾਮਲ ਹਨ, ਚੋਰੀ ਮੰਨਿਆ ਜਾਂਦਾ ਹੈ।

**ਇਸਨੂੰ ਸੁਰੱਖਿਅਤ ਰੱਖੋ।** ਕੰਪਨੀ ਦੀ ਜਾਇਦਾਦ ਦੀ ਦੇਖਭਾਲ ਕਰੋ ਅਤੇ ਇਸਨੂੰ ਨੁਕਸਾਨ, ਚੋਰੀ ਜਾਂ ਗਲਤ ਵਰਤੋਂ ਤੋਂ ਸੁਰੱਖਿਅਤ ਰੱਖੋ। Gap Inc. ਦੀ ਜਾਇਦਾਦ ਦੀ ਵਰਤੋਂ ਕਦੇ ਵੀ ਗੈਰ-ਕਨੂੰਨੀ ਉਦੇਸ਼ਾਂ ਲਈ ਨਾ ਕਰੋ। ਤੁਹਾਨੂੰ ਅਜਿਹੀ ਕਿਸੇ ਵੀ ਗਤੀਵਿਧੀ ਦੀ ਮਨਾਹੀ ਹੈ ਜਿਸ ਵਿੱਚ ਕੰਪਨੀ ਦੀ ਜਾਇਦਾਦ ਦੀ ਚੋਰੀ, ਧੋਖਾਧੜੀ, ਗਬਨ ਜਾਂ ਗਲਤ ਵਰਤੋਂ ਸ਼ਾਮਲ ਹੋਵੇ।

**ਸੈਂਪਲਾਂ ਦਾ ਪ੍ਰਬੰਧਨ ਕਰੋ।** ਕਾਰੋਬਾਰੀ ਵਰਤੋਂ ਲਈ ਲੋੜ ਨਾ ਰਹਿਣ ਤੋਂ ਬਾਅਦ ਵੀ, ਸੈਂਪਲ ਜਾਂ ਫਿਕਸਚਰ ਆਪਣੇ ਲਈ ਨਾ ਰੱਖੋ ਅਤੇ ਨਾ ਹੀ ਉਨ੍ਹਾਂ ਨੂੰ ਵੇਚੋ। ਸਾਰੇ ਸੈਂਪਲਾਂ ਅਤੇ ਫਿਕਸਚਰਾਂ ਦਾ ਸਾਡੀ ਸੈਂਪਲ ਅਤੇ ਫਿਕਸਚਰ ਪ੍ਰਬੰਧਨ ਨੀਤੀ ਵਿੱਚ ਦੱਸੇ ਅਨੁਸਾਰ ਸਹੀ ਢੰਗ ਨਾਲ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਕੰਪਨੀ ਦੀ ਜਾਇਦਾਦ ਦੀ ਵਰਤੋਂ, ਵਿਕਰੀ ਜਾਂ ਨਿਪਟਾਰੇ ਬਾਰੇ ਤੁਹਾਡੇ ਕੋਈ ਸਵਾਲ ਜਾਂ ਸਰੋਕਾਰ ਹਨ, ਤਾਂ ਆਪਣੇ ਮੈਨੇਜਰ ਜਾਂ ਹੋਰ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਨਾਲ ਇਸ ਬਾਰੇ ਚਰਚਾ ਕਰੋ।

ਹੋਰ ਜਾਣੋ: ਸੈਂਪਲ ਅਤੇ ਫਿਕਸਚਰ ਪ੍ਰਬੰਧਨ ਨੀਤੀ




### ਕੰਪਨੀ ਦੀ ਜਾਇਦਾਦ ਕੀ ਹੁੰਦੀ ਹੈ?

ਕੰਪਨੀ ਦੀ ਜਾਇਦਾਦ ਵਿੱਚ ਉਪਕਰਨ, ਵਪਾਰਕ ਮਾਲ, ਫਿਕਸਚਰ, ਸੈਂਪਲ ਅਤੇ ਸਪਲਾਈਆਂ ਸ਼ਾਮਲ ਹਨ।

## ਸਵਾਲ ਅਤੇ ਜਵਾਬ

ਸਵਾਲ: ਮੇਰੇ ਸਟੋਰ ਨੇ ਹਾਲ ਹੀ ਵਿੱਚ ਕੁਝ ਫਰਨੀਚਰ ਬਦਲਿਆ ਹੈ, ਅਤੇ ਮੈਂ ਉਨ੍ਹਾਂ ਪੁਰਾਣੀਆਂ ਚੀਜ਼ਾਂ ਵਿੱਚੋਂ ਇੱਕ ਘਰ ਲੈ ਕੇ ਜਾਣਾ ਚਾਹੁੰਦਾ/ਚਾਹੁੰਦੀ ਹਾਂ ਜੋ ਹੁਣ ਵਰਤੋਂ ਵਿੱਚ ਨਹੀਂ ਹੈ। ਕੀ ਇਹ ਸਹੀ ਹੈ?

ਜਵਾਬ: ਨਹੀਂ। ਅਜਿਹੇ ਫਿਕਸਚਰ ਅਤੇ ਫਰਨੀਚਰ ਜਿਨ੍ਹਾਂ ਦੀ ਹੁਣ ਵਰਤੋਂ ਨਹੀਂ ਕੀਤੀ ਜਾ ਰਹੀ, ਉਨ੍ਹਾਂ ਨੂੰ ਦਾਨ ਕੀਤਾ ਜਾਣਾ ਚਾਹੀਦਾ ਹੈ, ਕੰਪਨੀ ਦੁਆਰਾ ਅਧਿਕਾਰਿਤ ਸੇਲ ਵਿੱਚ ਵੇਚਿਆ ਜਾਣਾ ਚਾਹੀਦਾ ਹੈ ਜਾਂ ਸਾਡੀ ਸੈਂਪਲ ਅਤੇ ਫਿਕਸਚਰ ਪ੍ਰਬੰਧਨ ਨੀਤੀ ਦੇ ਅਨੁਸਾਰ ਨਿਪਟਾਇਆ ਜਾਣਾ ਚਾਹੀਦਾ ਹੈ।

# ਰਿਕਾਰਡ ਰੱਖਣਾ



## ਇਹ ਕਿਉਂ ਮਹੱਤਵਪੂਰਨ ਹੈ।

ਸਾਡੀ ਸਫਲਤਾ ਲਈ ਸਹੀ ਰਿਕਾਰਡ ਰੱਖਣਾ ਬਹੁਤ ਜ਼ਰੂਰੀ ਹੈ। ਪਬਲਿਕ ਕੰਪਨੀ ਹੋਣ ਦੇ ਨਾਤੇ, ਇਹ ਬੇਹੱਦ ਮਹੱਤਵਪੂਰਨ ਹੈ ਕਿ ਅਸੀਂ ਕੰਪਨੀ ਦੀ ਜਾਣਕਾਰੀ, ਜਿਸ ਵਿੱਚ ਸਾਡੇ ਵਿੱਤੀ ਨਤੀਜੇ ਅਤੇ ਵਿੱਤੀ ਸਥਿਤੀ ਸ਼ਾਮਲ ਹਨ, ਨੂੰ ਮੁਕੰਮਲ, ਨਿਰਪੱਖ, ਸਹੀ, ਸਮੇਂ ਸਿਰ ਅਤੇ ਸਮਝਣ ਯੋਗ ਤਰੀਕੇ ਨਾਲ ਸਾਂਝਾ ਅਤੇ ਰਿਪੋਰਟ ਕਰੀਏ। ਇਸ ਤੋਂ ਇਲਾਵਾ, ਰਿਕਾਰਡ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਾਡੇ ਲਈ ਕੰਪਨੀ ਦੇ ਸਾਰੇ ਰਿਕਾਰਡਾਂ ਅਤੇ ਜਾਣਕਾਰੀ ਨੂੰ ਨਿਰਧਾਰਿਤ ਸਮੇਂ ਤੱਕ ਸੰਭਾਲ ਕੇ ਰੱਖਣਾ, ਅਤੇ ਉਸ ਤੋਂ ਬਾਅਦ ਉਨ੍ਹਾਂ ਦਾ ਸਹੀ ਢੰਗ ਨਾਲ ਨਿਪਟਾਰਾ ਕਰਨਾ ਲਾਜ਼ਮੀ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਸਹੀ ਅਤੇ ਮੁਕੰਮਲ ਰਿਕਾਰਡ ਤਿਆਰ ਕਰੋ।** ਭਾਵੇਂ ਤੁਸੀਂ ਵਿੱਤ ਨਾਲ ਸੰਬੰਧਿਤ ਭੂਮਿਕਾ ਵਿੱਚ ਕੰਮ ਨਹੀਂ ਕਰਦੇ ਹੋ, ਫਿਰ ਵੀ ਤੁਸੀਂ ਇੱਕ ਰਿਕਾਰਡ ਰੱਖਣ ਵਾਲੇ ਹੋ ਸਕਦੇ ਹੋ। ਸਾਡੀ ਕਾਰਪੋਰੇਟ ਰਿਕਾਰਡਸ ਐਂਡ ਇਨਫਰਮੇਸ਼ਨ ਮੈਨੇਜਮੈਂਟ (RIM) ਨੀਤੀ ਦੇ ਅਨੁਸਾਰ, ਕੰਪਨੀ ਦੇ ਰਿਕਾਰਡ ਅਤੇ ਜਾਣਕਾਰੀ ਸਪਸ਼ਟ, ਸੱਚੇ, ਸਹੀ, ਮੁਕੰਮਲ ਹੋਣ, ਉਨ੍ਹਾਂ ਦੀ ਦੇਖਭਾਲ ਕੀਤੇ ਜਾਣ ਅਤੇ ਉਨ੍ਹਾਂ ਦਾ ਨਿਪਟਾਰਾ ਕੀਤੇ ਜਾਣ ਨੂੰ ਯਕੀਨੀ ਬਣਾਉਣ ਲਈ ਹਰ ਕਰਮਚਾਰੀ ਜ਼ਿੰਮੇਵਾਰ ਹੈ।

**ਨਿਯਮਾਂ ਦੀ ਪਾਲਣਾ ਕਰੋ।** ਰਿਕਾਰਡਾਂ ਅਤੇ ਜਾਣਕਾਰੀ ਦੇ ਪ੍ਰਬੰਧਨਨਾਲ ਸੰਬੰਧਿਤ ਸਾਰੀਆਂ ਨੀਤੀਆਂ, ਪ੍ਰਕਿਰਿਆਵਾਂ ਅਤੇ ਨਿਯੰਤਰਣਾਂ ਦੀ ਪਾਲਣਾ ਕਰੋ; ਪਹੁੰਚ, ਵਰਤੋਂ ਅਤੇ ਨਿਪਟਾਰੇ ਲਈ ਲੋੜੀਂਦੀਆਂ ਮਨਜ਼ੂਰੀਆਂ ਪ੍ਰਾਪਤ ਕਰੋ ਅਤੇ ਕਿਸੇ ਵੀ ਕਾਰਨ ਕਰਕੇ ਜਾਣਕਾਰੀ ਵਿੱਚ ਕਦੇ ਵੀ ਕੋਈ ਬਦਲਾਅ ਨਾ ਕਰੋ, ਨਾ ਹੀ ਕੋਈ ਗਲਤ ਜਾਂ ਝੂਠਾ ਬਿਆਨ ਦਿਓ।

**ਜਾਣਕਾਰੀ ਦਾ ਸਹੀ ਢੰਗ ਨਾਲ ਪ੍ਰਬੰਧਨ ਕਰੋ।**

- **ਹੋਲਡ:** ਜੇਕਰ ਤੁਹਾਨੂੰ ਮੁਕੱਦਮੇਬਾਜ਼ੀ, ਆਡਿਟ ਜਾਂ ਕਿਸੇ ਸਰਕਾਰੀ ਜਾਂਚ ਲਈ ਕਨੂੰਨੀ, ਟੈਕਸ ਜਾਂ ਇੰਟਰਨਲ ਆਡਿਟ ਵਿਭਾਗਾਂ ਵੱਲੋਂ ਕੋਈ ਹੋਲਡ ਨੋਟਿਸ ਮਿਲਦਾ ਹੈ, ਤਾਂ ਜਦੋਂ ਤੱਕ ਉਹ ਹੋਲਡ ਹਟਾਇਆ ਨਹੀਂ ਜਾਂਦਾ, ਸੰਬੰਧਿਤ ਰਿਕਾਰਡਾਂ ਨੂੰ ਸਹੀ ਢੰਗ ਨਾਲ ਸੰਭਾਲ ਕੇ ਰੱਖਣ ਲਈ ਤੁਸੀਂ ਜ਼ਿੰਮੇਵਾਰ ਹੋ। ਜਦੋਂ ਤੱਕ ਹੋਲਡ ਨੋਟਿਸ ਲਾਗੂ ਰਹਿੰਦਾ ਹੈ, ਰਿਕਾਰਡਾਂ ਅਤੇ ਜਾਣਕਾਰੀ ਦਾ ਨਿਪਟਾਰਾ ਨਹੀਂ ਕੀਤਾ ਜਾ ਸਕਦਾ, ਭਾਵੇਂ ਉਨ੍ਹਾਂ ਨੂੰ ਸੰਭਾਲ ਕੇ ਰੱਖਣ ਦੀ ਨਿਰਧਾਰਿਤ ਮਿਆਦ ਖਤਮ ਹੀ ਕਿਉਂ ਨਾ ਹੋ ਗਈ ਹੋਵੇ।
- **ਵਿਰਾਸਤੀ ਦਸਤਾਵੇਜ਼:** ਇਤਿਹਾਸਕ ਮਹੱਤਵ ਵਾਲੇ ਰਿਕਾਰਡਾਂ ਅਤੇ ਆਰਟੀਫੈਕਟਾਂ ਦੀ ਵਰਤੋਂ ਖਤਮ ਹੋਣ 'ਤੇ, ਉਨ੍ਹਾਂ ਨੂੰ ਨਿਰਧਾਰਿਤ ਸੰਭਾਲ ਮਿਆਦ ਦੇ ਖਤਮ ਹੋਣ ਤੋਂ ਪਹਿਲਾਂ ਕਾਰਪੋਰੇਟ ਆਰਕਾਈਵ ਵਿੱਚ ਤਬਦੀਲ ਕਰ ਦਿੱਤਾ ਜਾਣਾ ਚਾਹੀਦਾ ਹੈ।

ਹਰ ਸਥਿਤੀ ਵਿੱਚ, ਤੁਹਾਨੂੰ ਰਿਕਾਰਡਾਂ ਵਿੱਚ ਕਦੇ ਵੀ ਕੋਈ ਹੇਰਾਫੇਰੀ ਜਾਂ ਬਦਲਾਅ ਨਹੀਂ ਕਰਨਾ ਚਾਹੀਦਾ। ਰਿਕਾਰਡਾਂ ਦਾ ਕਿਸੇ ਵੀ ਕਿਸਮ ਦਾ ਨਿਪਟਾਰਾ ਸਾਡੀ ਨੀਤੀਦੇ ਅਨੁਸਾਰ ਹੋਣਾ ਚਾਹੀਦਾ ਹੈ।

**ਆਪਣੀ ਆਵਾਜ਼ ਉਠਾਓ (SPEAK UP)।** ਰਿਕਾਰਡ ਰੱਖਣ ਸੰਬੰਧੀ ਆਮ ਸਵਾਲਾਂ ਲਈ ਕਾਰਪੋਰੇਟ ਰਿਕਾਰਡਸ ਐਂਡ ਇਨਫਰਮੇਸ਼ਨ ਕੰਪਲਾਇੰਸ ਨਾਲ ਸੰਪਰਕ ਕਰੋ, ਅਤੇ ਕੰਪਨੀ ਦੇ ਰਿਕਾਰਡਾਂ ਦੀ ਸ਼ੁੱਧਤਾ ਬਾਰੇ ਕਿਸੇ ਵੀ ਚਿੰਤਾ ਜਾਂ ਸ਼ੱਕ ਦੀ ਰਿਪੋਰਟ ਗਲੋਬਲ ਇੰਟੈਗਰਿਟੀ ਜਾਂ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਨੂੰ ਕਰੋ।

ਵਧੇਰੇ ਜਾਣਕਾਰੀ ਲਈ, ਕਾਰਪੋਰੇਟ ਰਿਕਾਰਡਸ ਐਂਡ ਇਨਫਰਮੇਸ਼ਨ ਮੈਨੇਜਮੈਂਟ (RIM) ਨੀਤੀ ਵੇਖੋ

### ਕੰਪਨੀ ਦੇ ਰਿਕਾਰਡ ਕੀ ਹੁੰਦੇ ਹਨ?

ਕੰਪਨੀ ਦਾ ਰਿਕਾਰਡ ਕਿਸੇ ਵੀ ਫਾਰਮੈਟ ਵਿੱਚ ਅਜਿਹੀ ਕੋਈ ਵੀ ਜਾਣਕਾਰੀ ਹੁੰਦੀ ਹੈ ਜੋ ਕੰਪਨੀ ਦੀਆਂ ਗਤੀਵਿਧੀਆਂ, ਲੈਣ-ਦੇਣ ਜਾਂ ਜ਼ਿੰਮੇਵਾਰੀਆਂ ਦਾ ਦਸਤਾਵੇਜ਼ੀ ਸਬੂਤ ਹੁੰਦੀ ਹੈ, ਜਿਵੇਂ ਕਿ ਵਿੱਤੀ ਰਿਪੋਰਟਾਂ, ਇਕਰਾਰਨਾਮੇ, ਈਮੇਲਾਂ ਅਤੇ ਨੀਤੀਆਂ। ਰਿਕਾਰਡਾਂ ਵਿੱਚ ਅਕਸਰ ਕੰਪਨੀ ਦੀ ਗੁਪਤ ਜਾਣਕਾਰੀ, ਸਾਡੇ ਕਰਮਚਾਰੀਆਂ ਅਤੇ ਗਾਹਕਾਂ ਬਾਰੇ ਨਿੱਜੀ ਜਾਣਕਾਰੀ ਅਤੇ ਕੰਪਨੀ ਦੀ ਬੌਧਿਕ ਸੰਪਤੀ ਸ਼ਾਮਲ ਹੁੰਦੀ ਹੈ। ਹੋਰ ਉਦਾਹਰਨਾਂ ਵਿੱਚ ਸਮੇਂ ਦੇ ਰਿਕਾਰਡ; ਪੇਰੋਲ ਰਿਕਾਰਡ; ਖਰੀਦ ਦੇ ਆਰਡਰ ਜਾਂ ਇਨਵੌਇਸ; ਖਰਚਾ ਰਿਪੋਰਟਾਂ; ਵਿਕਰੀ ਜਾਂ ਇਨਵੈਂਟਰੀ ਦਾ ਡਾਟਾ; ਰੈਗੂਲੇਟਰੀ ਫਾਈਲਿੰਗਜ਼; ਅਕਾਊਂਟਿੰਗ, ਟੈਕਸ, ਵਿੱਤੀ ਅਤੇ ਬੈਂਕਿੰਗ ਜਾਣਕਾਰੀ ਅਤੇ ਰਿਪੋਰਟਾਂ; ਪੱਤਰ-ਵਿਹਾਰ; ਖੋਜ; ਅਤੇ ਵਿਵਾਦਾਂ ਦੇ ਨਿਪਟਾਰੇ ਅਤੇ ਬੀਮੇ ਬਾਰੇ ਜਾਣਕਾਰੀ ਸ਼ਾਮਲ ਹਨ।

## ਸਵਾਲ ਅਤੇ ਜਵਾਬ

ਸਵਾਲ: ਕੁਝ ਹਫ਼ਤੇ ਪਹਿਲਾਂ ਮੈਂ ਇੱਕ ਦਿਨ ਦਾ ਆਪਣਾ ਸਮਾਂ ਦਰਜ ਕਰਨਾ ਭੁੱਲ ਗਿਆ/ਗਈ ਸੀ, ਅਤੇ ਟਾਈਮਸ਼ੀਟ ਪਹਿਲਾਂ ਹੀ ਜਮ੍ਹਾਂ ਹੋ ਚੁੱਕੀ ਹੈ। ਕੀ ਇਹ ਸਹੀ ਹੈ ਜੇਕਰ ਮੈਂ ਅੱਗੇ ਵਧ ਕੇ ਉਸ ਸਮੇਂ ਨੂੰ ਮੌਜੂਦਾ ਟਾਈਮਸ਼ੀਟ ਵਿੱਚ ਜੋੜ ਦੇਵਾਂ, ਕਿਉਂਕਿ ਮੈਂ ਉਹ ਘੰਟੇ ਕੰਮ ਕੀਤਾ ਸੀ?

ਜਵਾਬ: ਨਹੀਂ। ਇਹ ਮਹੱਤਵਪੂਰਨ ਹੈ ਕਿ ਸਾਡੇ ਸਾਰੇ ਰਿਕਾਰਡ ਬਿਲਕੁਲ ਸਹੀ ਹੋਣ, ਇਸ ਲਈ ਮੌਜੂਦਾ ਟਾਈਮਸ਼ੀਟ ਵਿੱਚ ਗਲਤ ਸਮਾਂ ਜੋੜਨਾ ਸਾਡੀ ਨੀਤੀ ਦੀ ਉਲੰਘਣਾ ਹੋਵੇਗਾ ਅਤੇ ਇਸ ਨਾਲ ਗਲਤ ਰਿਕਾਰਡ ਬਣੇਗਾ। ਆਪਣੇ ਮੈਨੇਜਰ ਜਾਂ ਹਿਊਮਨ ਰਿਸੋਰਸਿਜ਼ ਨਾਲ ਸੰਪਰਕ ਕਰੋ ਅਤੇ ਇਸ ਭੁੱਲ ਬਾਰੇ ਦੱਸੋ ਤਾਂ ਜੋ ਤੁਹਾਡਾ ਸਮਾਂ ਸਹੀ ਢੰਗ ਨਾਲ ਰਿਕਾਰਡ ਕੀਤਾ ਜਾ ਸਕੇ ਅਤੇ ਤੁਹਾਨੂੰ ਤੁਹਾਡੀ ਬਣਦੀ ਸਹੀ ਤਨਖਾਹ ਮਿਲ ਸਕੇ।



# ਕਾਰੋਬਾਰੀ ਅਤੇ ਸਾਖ਼ ਸੰਬੰਧੀ ਜੋਖਮ

ਭ੍ਰਿਸ਼ਟਾਚਾਰ-ਵਿਰੋਧੀ ਅਤੇ ਰਿਸ਼ਵਤਖੋਰੀ-ਵਿਰੋਧੀ
ਨਿਰਪੱਖ ਮੁਕਾਬਲਾ
ਇਨਸਾਈਡਰ ਟ੍ਰੇਡਿੰਗ
ਵਪਾਰਕ ਨਿਯਮ
ਜਨਤਕ ਸੰਚਾਰ ਅਤੇ ਸੋਸ਼ਲ ਮੀਡੀਆ
ਆਰਟੀਫੀਸ਼ੀਅਲ ਇੰਟੈਲੀਜੈਂਸ
ਉਤਪਾਦ ਦੀ ਗੁਣਵੱਤਾ ਅਤੇ ਭਰੋਸੇਯੋਗਤਾ
ਆਡਿਟ ਅਤੇ ਸਰਕਾਰੀ ਜਾਂਚਾਂ
ਰਾਜਨੀਤੀ
ਮਨੁੱਖੀ ਅਧਿਕਾਰ

# ਭ੍ਰਿਸ਼ਟਾਚਾਰ-ਵਿਰੋਧੀ ਅਤੇ ਰਿਸ਼ਵਤਖੋਰੀ-ਵਿਰੋਧੀ



## "ਕੋਈ ਕੀਮਤੀ ਚੀਜ਼" ਦਾ ਕੀ ਮਤਲਬ ਹੈ?

ਕੋਈ ਵੀ ਕੀਮਤੀ ਚੀਜ਼ ਦਾ ਸਿੱਧਾ ਮਤਲਬ ਇਹੀ ਹੈ — ਅਜਿਹੀ ਕੋਈ ਵੀ ਚੀਜ਼ ਜਿਸਦਾ ਕੋਈ ਮੁੱਲ ਹੋਵੇ, ਜਿਵੇਂ ਕਿ ਨਕਦੀ, ਤੋਹਫ਼ੇ, ਯਾਤਰਾ, ਰਹਿਣ-ਸਹਿਣ ਦੇ ਪ੍ਰਬੰਧ, ਖਾਣਾ, ਮਨੋਰੰਜਨ, ਪੱਖਪਾਤ/ਮਦਦ, ਨੌਕਰੀ ਦੀਆਂ ਪੇਸ਼ਕਸ਼ਾਂ, ਛੋਟਾਂ, ਦਾਨ ਅਤੇ ਕੋਈ ਹੋਰ ਨਿੱਜੀ ਲਾਭ।

## ਇਹ ਕਿਉਂ ਮਹੱਤਵਪੂਰਨ ਹੈ।

ਖੁੱਲ੍ਹਾ, ਇਮਾਨਦਾਰ ਅਤੇ ਨੈਤਿਕ — ਇਹ ਸਾਡਾ ਕਾਰੋਬਾਰ ਕਰਨ ਦਾ ਤਰੀਕਾ ਹੈ। ਇਹ Gap Inc. ਦੇ ਪ੍ਰਸਿੱਧ ਬ੍ਰਾਂਡਾਂ ਦੀ ਰੱਖਿਆ ਕਰਦੇ ਹੋਏ, ਸਾਡੇ ਵੱਡੇ ਟੀਚਿਆਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਤੋਂ ਅੱਗੇ ਵਧਣ ਦੀ ਸਾਡੀ ਸਮਰੱਥਾ ਨੂੰ ਮਜ਼ਬੂਤ ਕਰਦਾ ਹੈ। ਸਰਕਾਰੀ ਅਧਿਕਾਰੀਆਂ, ਤੀਜੀਆਂ ਧਿਰਾਂ ਅਤੇ ਵਪਾਰਕ ਭਾਈਵਾਲਾਂ ਨਾਲ ਸਾਰੇ ਲੈਣ-ਦੇਣ ਕਿਸੇ ਵੀ ਤਰ੍ਹਾਂ ਦੀ ਰਿਸ਼ਵਤਖੋਰੀ ਜਾਂ ਭ੍ਰਿਸ਼ਟਾਚਾਰ ਤੋਂ ਮੁਕਤ ਹੋਣੇ ਚਾਹੀਦੇ ਹਨ। ਇਸ ਵਿੱਚ ਗੈਰ-ਕਨੂੰਨੀ ਕਮਿਸ਼ਨ ਜਾਂ ਹੋਰ ਅਣਉਚਿਤ ਭੁਗਤਾਨਾਂ ਦੀ ਕੋਈ ਵੀ ਪੇਸ਼ਕਸ਼ ਜਾਂ ਸਵੀਕ੍ਰਿਤੀ ਸ਼ਾਮਲ ਹੈ, ਭਾਵੇਂ ਉਹ ਸਥਾਨਕ ਤੌਰ 'ਤੇ ਪ੍ਰਚਲਿਤ ਅਭਿਆਸ ਹੀ ਕਿਉਂ ਨਾ ਜਾਪਦੀ ਹੋਵੇ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਰਿਸ਼ਵਤ ਨਾ ਦਿਓ ਅਤੇ ਨਾ ਹੀ ਸਵੀਕਾਰ ਕਰੋ।** ਕਿਸੇ ਕਾਰੋਬਾਰੀ ਫ਼ੈਸਲੇ ਨੂੰ ਪ੍ਰਭਾਵਿਤ ਕਰਨ ਜਾਂ ਕੰਪਨੀ ਲਈ ਕੋਈ ਲਾਭ ਪ੍ਰਾਪਤ ਕਰਨ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੋਈ ਵੀ ਕੀਮਤੀ ਚੀਜ਼ ਦੇਣਾ ਜਾਂ ਲੈਣਾ Gap Inc. ਦੀ ਨੀਤੀ ਅਤੇ ਕਨੂੰਨ ਦੇ ਸਖ਼ਤ ਖ਼ਿਲਾਫ਼ ਹੈ। ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਅਜਿਹੇ ਅਪਰਾਧ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਕੰਪਨੀ ਅਤੇ ਇਸ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਦੋਵਾਂ ਨੂੰ ਭਾਰੀ ਜੁਰਮਾਨੇ ਜਾਂ ਸਜ਼ਾਵਾਂ ਹੋ ਸਕਦੀਆਂ ਹਨ।

**ਤੀਜੀਆਂ ਧਿਰਾਂ 'ਤੇ ਨਜ਼ਰ ਰੱਖੋ।** Gap Inc. ਦੀ ਤਰਫ਼ੋਂ ਕੰਮ ਕਰਨ ਵਾਲੀ ਕਿਸੇ ਤੀਜੀ ਧਿਰ ਦੀ ਰਿਸ਼ਵਤਖੋਰੀ ਜਾਂ ਭ੍ਰਿਸ਼ਟ ਗਤੀਵਿਧੀ ਲਈ Gap Inc. ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਇਸ ਲਈ ਤੁਹਾਨੂੰ ਕਨੂੰਨੀ, ਇਨਡਾਇਰੈਕਟ ਪ੍ਰੋਕਿਉਰਮੈਂਟ ਜਾਂ ਕਿਸੇ ਹੋਰ ਅਧਿਕਾਰਿਤ ਅੰਦਰੂਨੀ ਭਾਈਵਾਲ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਜੋ ਨਵੀਆਂ ਤੀਜੀਆਂ ਧਿਰਾਂ ਦੇ ਰੁਝੇਵਿਆਂ ਬਾਰੇ ਵਾਧੂ ਜਾਣਕਾਰੀ ਮੰਗਦੇ ਹਨ, ਤਾਂ ਜੋ ਉਹ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਕਿਸੇ ਵੀ ਸੰਭਾਵੀ ਜੋਖਮ ਦੀ ਸਹੀ ਢੰਗ ਨਾਲ ਪਛਾਣ ਅਤੇ ਮੁਲਾਂਕਣ ਕਰ ਸਕਣ।

**ਫ਼ੈਸੀਲੀਟੇਸ਼ਨ ਭੁਗਤਾਨ (ਕੰਮ ਨੂੰ ਤੇਜ਼ ਕਰਾਉਣ ਲਈ ਦਿੱਤੇ ਜਾਣ ਵਾਲੇ ਭੁਗਤਾਨ) ਕਰਨ ਤੋਂ ਬਚੋ।** ਪਰਮਿਟ ਪ੍ਰਾਪਤ ਕਰਨ ਵਰਗੇ ਰੁਟੀਨ ਸਰਕਾਰੀ ਕਾਰਜ ਨੂੰ ਤੇਜ਼ੀ ਨਾਲ ਕਰਨ ਜਾਂ ਉਸ ਤੋਂ ਬਚਣ ਲਈ ਕੀਤੇ ਗਏ ਛੋਟੇ ਭੁਗਤਾਨ ਵੀ ਸਾਡੀ ਨੀਤੀ ਅਤੇ ਕਨੂੰਨ ਦੀ ਉਲੰਘਣਾ ਕਰਦੇ ਹਨ, ਸਿਵਾਏ ਉਨ੍ਹਾਂ ਸੇਵਾਵਾਂ ਦੇ ਜਿੱਥੇ ਸਰਕਾਰ ਵੱਲੋਂ ਜਾਰੀ ਕੀਤੀ ਜਾਂਦੀ ਰਸੀਦ ਪ੍ਰਦਾਨ ਕੀਤੀ ਜਾਂਦੀ ਹੈ।

**ਆਪਣੀ ਆਵਾਜ਼ ਉਠਾਓ (SPEAK UP)।** ਕਿਸੇ ਵੀ ਸੰਭਾਵੀ ਭ੍ਰਿਸ਼ਟ ਆਚਰਣ ਨੂੰ ਅਣਗੌਲਿਆ ਨਾ ਕਰੋ। ਜੇਕਰ ਤੁਹਾਡੇ ਕੋਲ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਜਾਂ ਸਰਕਾਰੀ ਅਧਿਕਾਰੀਆਂ ਅਤੇ ਤੀਜੀ ਧਿਰ ਨਾਲ ਲੈਣ-ਦੇਣ ਬਾਰੇ ਕੋਈ ਸਵਾਲ ਹਨ, ਤਾਂ ਗਲੋਬਲ ਇੰਟੈਗਰਿਟੀ ਜਾਂ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਨਾਲ ਸੰਪਰਕ ਕਰੋ।

## ਸਵਾਲ ਅਤੇ ਜਵਾਬ

ਸਵਾਲ: ਹਵਾਈ ਅੱਡੇ 'ਤੇ ਕਸਟਮ ਅਧਿਕਾਰੀ ਨੇ ਮੈਨੂੰ ਲਾਈਨ ਵਿੱਚੋਂ ਅੱਗੇ ਲੰਘਣ ਲਈ $20 US ਦੇ ਭੁਗਤਾਨ ਦੀ ਮੰਗ ਕੀਤੀ। ਇਹ ਮੰਗ ਕੋਈ ਅਧਿਕਾਰਿਤ ਸਰਕਾਰੀ ਫ਼ੀਸ ਨਹੀਂ ਜਾਪਦੀ, ਪਰ ਮੈਨੂੰ ਚਿੰਤਾ ਹੈ ਕਿ ਜੇਕਰ ਮੈਂ ਗੱਲ ਨਹੀਂ ਮੰਨੀ ਤਾਂ ਮੈਨੂੰ ਦੇਰੀ ਹੋ ਸਕਦੀ ਹੈ। ਕੀ ਮੈਂ ਇਹ ਭੁਗਤਾਨ ਕਰ ਸਕਦਾ/ਸਕਦੀ ਹਾਂ?

ਜਵਾਬ: ਨਹੀਂ। Gap Inc. ਦੀ ਨੀਤੀ ਅਤੇ ਕਨੂੰਨ ਇਸ ਭੁਗਤਾਨ ਦੀ ਮਨਾਹੀ ਕਰਦੇ ਹਨ। ਜੇਕਰ ਤੁਹਾਨੂੰ ਅਜਿਹੀ ਕੋਈ ਮੰਗ ਪ੍ਰਾਪਤ ਹੁੰਦੀ ਹੈ, ਤਾਂ ਗਲੋਬਲ ਇੰਟੈਗਰਿਟੀ ਨਾਲ ਸੰਪਰਕ ਕਰੋ।

ਸਵਾਲ: ਕਿਸੇ ਪਰਮਿਟ ਦੀ ਮਨਜ਼ੂਰੀ ਵਿੱਚ ਤੇਜ਼ੀ ਲਿਆਉਣ ਲਈ ਸਰਕਾਰੀ ਅਧਿਕਾਰੀ ਨਾਲ ਕੰਮ ਕਰਦੇ ਸਮੇਂ, ਉਨ੍ਹਾਂ ਨੇ ਸੁਝਾਅ ਦਿੱਤਾ ਕਿ Gap Inc. ਸਥਾਨਕ ਚੈਰਿਟੀ ਨੂੰ ਦਾਨ ਦੇਵੇ ਜੋ ਸਥਾਨਕ ਨੌਜਵਾਨਾਂ ਨੂੰ ਸਿੱਖਿਆ ਪ੍ਰਦਾਨ ਕਰਦੀ ਹੈ। ਇਹ ਚੈਰਿਟੀ ਆਪਣੇ ਕੰਮ ਲਈ ਕੌਮਾਂਤਰੀ ਪੱਧਰ 'ਤੇ ਮਾਨਤਾ ਪ੍ਰਾਪਤ ਹੈ, ਤਾਂ ਕੀ ਇਹ ਦਾਨ ਸਵੀਕਾਰਯੋਗ ਹੋਵੇਗਾ? ਕੀ ਮੇਰੇ ਲਈ ਨਿੱਜੀ ਤੌਰ 'ਤੇ ਦਾਨ ਕਰਨਾ ਸਹੀ ਹੈ?

ਜਵਾਬ: ਨਹੀਂ। Gap Inc. ਲਈ ਕੋਈ ਸੇਵਾ ਜਾਂ ਲਾਭ ਪ੍ਰਾਪਤ ਕਰਨ ਲਈ ਕੀਮਤੀ ਚੀਜ਼ਾਂ ਜਾਂ ਫੰਡ ਪ੍ਰਦਾਨ ਨਾ ਕਰੋ, ਭਾਵੇਂ ਉਹ ਫੰਡ ਨਿੱਜੀ ਹੀ ਕਿਉਂ ਨਾ ਹੋਣ। ਇਸ ਵਿੱਚ ਕਿਸੇ ਸਰਕਾਰੀ ਅਧਿਕਾਰੀ ਨੂੰ ਜਾਂ ਸਰਕਾਰੀ ਅਧਿਕਾਰੀ ਦੁਆਰਾ ਸੁਝਾਏ ਗਏ ਕਿਸੇ ਵਿਅਕਤੀ ਜਾਂ ਸੰਗਠਨ -ਜਿਸ ਵਿੱਚ ਨਾਮਵਰ ਚੈਰਿਟੀਆਂ ਵੀ ਸ਼ਾਮਲ ਹਨ ਨੂੰ ਕੀਤੇ ਹੋਏ ਸਿੱਧੇ ਜਾਂ ਅਸਿੱਧੇ ਭੁਗਤਾਨ ਸ਼ਾਮਲ ਹਨ।




## ਸਰਕਾਰੀ ਅਧਿਕਾਰੀ ਕੌਣ ਹੁੰਦਾ ਹੈ?

ਕੋਈ ਵੀ ਵਿਅਕਤੀ ਜੋ ਕਿਸੇ ਸਰਕਾਰੀ ਏਜੰਸੀ ਜਾਂ ਸਰਕਾਰ ਦੇ ਅਧੀਨ ਚੱਲਣ ਵਾਲੀ ਸੰਸਥਾ ਵਿੱਚ ਕੰਮ ਕਰਦਾ ਹੈ, ਉਹ ਸਰਕਾਰੀ ਅਧਿਕਾਰੀ ਹੋ ਸਕਦਾ ਹੈ। ਉਦਾਹਰਨਾਂ ਲਈ, ਦੇਸੀ ਜਾਂ ਵਿਦੇਸ਼ੀ ਰਾਜਨੀਤਿਕ ਉਮੀਦਵਾਰ, ਪਾਰਟੀ ਅਹੁਦੇਦਾਰ, ਕਸਟਮ ਅਧਿਕਾਰੀ, ਸੁਰੱਖਿਆ ਨਿਰੀਖਕ ਅਤੇ ਸਰਕਾਰੀ ਮਲਕੀਅਤ ਵਾਲੇ ਕਾਰੋਬਾਰਾਂ ਦੇ ਕਰਮਚਾਰੀ ਸ਼ਾਮਲ ਹਨ।

ਵਧੇਰੇ ਜਾਣਕਾਰੀ ਲਈ, ਭ੍ਰਿਸ਼ਟਾਚਾਰ-ਵਿਰੋਧੀ ਅਤੇ ਰਿਸ਼ਵਤਖੋਰੀ-ਵਿਰੋਧੀ ਨੀਤੀ ਦੇਖੋ

# ਸਵਾਲ ਅਤੇ ਜਵਾਬ

ਸਵਾਲ: ਸਥਾਨਕ ਸਰਕਾਰੀ ਅਧਿਕਾਰੀਆਂ ਨਾਲ ਤਿਉਹਾਰਾਂ ਦੇ ਤੋਹਫ਼ਿਆਂ ਦਾ ਲੈਣ-ਦੇਣ ਕਰਨਾ ਇੱਕ ਸਥਾਨਕ ਰਵਾਇਤ ਹੈ। ਕੀ ਅਜਿਹਾ ਢੁਕਵਾਂ ਤੋਹਫ਼ਾ ਦੇਣਾ ਸਹੀ ਹੈ ਜੋ ਸਾਡੀ ਤੋਹਫ਼ੇ ਅਤੇ ਮਨੋਰੰਜਨ ਸੰਬੰਧੀ ਨੀਤੀ ਦੀਆਂ ਸ਼ਰਤਾਂ ਨੂੰ ਪੂਰਾ ਕਰਦਾ ਹੋਵੇ?

ਜਵਾਬ: ਸਿਰਫ਼ ਉਦੋਂ ਹੀ, ਜਦੋਂ ਤੁਸੀਂ ਤੋਹਫ਼ਾ ਦੇਣ ਤੋਂ ਪਹਿਲਾਂ ਗਲੋਬਲ ਇੰਟੈਗਰਿਟੀ ਤੋਂ ਸਪਸ਼ਟ ਰੂਪ ਵਿੱਚ ਲਿਖਤੀ ਮਨਜ਼ੂਰੀ ਲਈ ਹੋਵੇ, ਅਤੇ ਸਥਾਨਕ ਕਨੂੰਨ ਤੇ ਨੀਤੀ ਵੀ ਉਸ ਸਰਕਾਰੀ ਅਧਿਕਾਰੀ ਨੂੰ ਤੋਹਫ਼ਾ ਸਵੀਕਾਰ ਕਰਨ ਦੀ ਇਜਾਜ਼ਤ ਦਿੰਦੇ ਹੋਣ। ਪਰ ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਕਿਸੇ ਸਰਕਾਰੀ ਅਧਿਕਾਰੀ ਨੂੰ ਕੋਈ ਵੀ ਕੀਮਤੀ ਚੀਜ਼ ਦੇਣਾ ਫ਼ੈਸਲੇ ਨੂੰ ਗਲਤ ਤਰੀਕੇ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਸਕਦਾ ਹੈ; ਇਸ ਲਈ ਇਹ ਪੂਰੀ ਤਰ੍ਹਾਂ ਸਪਸ਼ਟ ਹੋਣਾ ਚਾਹੀਦਾ ਹੈ ਕਿ ਤੋਹਫ਼ਾ ਦੇਣ ਦਾ ਮਕਸਦ ਕਿਸੇ ਫ਼ੈਸਲੇ 'ਤੇ ਅਸਰ ਪਾਉਣਾ ਬਿਲਕੁਲ ਨਹੀਂ ਹੈ।

ਸਵਾਲ: ਮੈਂ ਸੰਭਾਵੀ ਨਵੇਂ ਵਿਕਰੇਤਾ ਨੂੰ ਕੰਪਨੀ ਨਾਲ ਜੋੜਨ ਲਈ ਕੰਮ ਕਰ ਰਿਹਾ/ਰਹੀ ਹਾਂ ਅਤੇ ਸਾਡੀ ਉਚਿਤ ਜਾਂਚ ਪ੍ਰਕਿਰਿਆ ਲਈ ਲੋੜੀਂਦੀ ਮਲਕੀਅਤ ਅਤੇ ਪਿਛੋਕੜ ਦੀ ਜਾਣਕਾਰੀ ਮੰਗੀ ਹੈ। ਵਿਕਰੇਤਾ ਨੇ ਇਹ ਜਾਣਕਾਰੀ ਪ੍ਰਦਾਨ ਨਹੀਂ ਕੀਤੀ ਹੈ, ਪਰ ਮੇਰਾ ਮੈਨੇਜਰ ਆਨਬੋਰਡਿੰਗ ਦੀ ਪ੍ਰਕਿਰਿਆ ਨੂੰ ਜਲਦੀ ਖਤਮ ਕਰਨ ਅਤੇ ਉਸ ਵਿਕਰੇਤਾ ਨਾਲ ਕਾਰੋਬਾਰ ਸ਼ੁਰੂ ਕਰਨ ਲਈ ਕਾਹਲਾ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜਵਾਬ: ਕਾਰੋਬਾਰੀ ਸੰਬੰਧ ਸ਼ੁਰੂ ਕਰਨ ਤੋਂ ਪਹਿਲਾਂ, ਇਹ ਯਕੀਨੀ ਬਣਾਉਣ ਲਈ ਕਿ ਸੰਭਾਵੀ ਨਵਾਂ ਵਿਕਰੇਤਾ ਸਾਡੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦਾ ਹੈ, ਤੁਹਾਨੂੰ ਭ੍ਰਿਸ਼ਟਾਚਾਰ-ਵਿਰੋਧੀ ਉਚਿਤ ਜਾਂਚ ਪ੍ਰਕਿਰਿਆ ਨੂੰ ਮੁਕੰਮਲ ਕਰਨਾ ਹੀ ਪਵੇਗਾ। ਜੇਕਰ ਤੁਹਾਡਾ ਮੈਨੇਜਰ ਤੁਹਾਨੂੰ ਸਾਡੀਆਂ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਤੋਂ ਰੋਕ ਰਿਹਾ ਹੈ, ਤਾਂ ਸਾਡੇ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਤੋਂ ਮਦਦ ਲਓ, ਜਿਸ ਵਿੱਚ ਸਾਡੀ COBC ਆਪਣੀ ਆਵਾਜ਼ ਉਠਾਓ (Speak Up) ਹੌਟਲਾਈਨ ਵੀ ਸ਼ਾਮਲ ਹੈ।

# ਨਿਰਪੱਖ ਮੁਕਾਬਲਾ

## ਇਹ ਕਿਉਂ ਮਹੱਤਵਪੂਰਨ ਹੈ।

ਉੱਤਮਤਾ ਦੇ ਸਮਰਥਕ ਹੋਣ ਦੇ ਨਾਤੇ, ਅਸੀਂ ਇਮਾਨਦਾਰੀ ਨਾਲ ਅਤੇ ਸੰਯੁਕਤ ਰਾਜ ਅਤੇ ਉਨ੍ਹਾਂ ਹੋਰ ਦੇਸ਼ਾਂ ਦੇ ਮੁਕਾਬਲੇਬਾਜ਼ੀ (ਐਂਟੀ-ਟਰੱਸਟ) ਕਨੂੰਨਾਂ ਦੀ ਪਾਲਣਾ ਕਰਦੇ ਹੋਏ ਕਾਰੋਬਾਰ ਕਰਨ ਲਈ ਵਚਨਬੱਧ ਹਾਂ ਜਿੱਥੇ Gap Inc. ਕਾਰੋਬਾਰ ਕਰਦੀ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਸਾਵਧਾਨੀ ਵਰਤੋ।** ਸਾਡੀ ਗੁਪਤ ਜਾਣਕਾਰੀ ਦੀ ਹਮੇਸ਼ਾਂ ਰੱਖਿਆ ਕਰੋ ਅਤੇ ਪ੍ਰਤਿਯੋਗੀਆਂ ਨਾਲ ਮੁਕਾਬਲੇ ਸੰਬੰਧੀ ਖਾਸ ਵੇਰਵਿਆਂ ਬਾਰੇ ਗੱਲ ਕਰਨ ਤੋਂ ਬਚੋ, ਜਿਵੇਂ ਕਿ ਕੀਮਤਾਂ, ਮਾਰਕੀਟਿੰਗ ਦੇ ਤਰੀਕੇ, ਉਤਪਾਦਨ ਯੋਜਨਾਵਾਂ, ਬਜ਼ਾਰ ਦੀ ਵੰਡ ਜਾਂ ਭੂਗੋਲਿਕ ਖੇਤਰ, ਫਰੈਂਚਾਈਜ਼ੀ ਅਤੇ ਡਿਸਟ੍ਰੀਬਿਊਟਰ ਦੇ ਪ੍ਰਬੰਧ, ਅਤੇ ਹੋਰ ਪ੍ਰਤਿਯੋਗੀ ਜਾਂ ਵਿਕਰੇਤਾ। ਪ੍ਰਤਿਯੋਗੀਆਂ ਨੂੰ ਬਾਹਰ ਕੱਢਣ ਜਾਂ ਬਜ਼ਾਰ 'ਤੇ ਪੂਰੀ ਤਰ੍ਹਾਂ ਦਬਦਬਾ ਬਣਾਉਣ ਬਾਰੇ ਕੋਈ ਬਿਆਨ ਨਾ ਦਿਓ, ਅਤੇ ਨਾ ਹੀ ਸਾਡੇ ਪ੍ਰਤਿਯੋਗੀਆਂ ਨਾਲ ਅਜਿਹੇ ਕੋਈ ਪ੍ਰਬੰਧ ਜਾਂ ਸਮਝੌਤੇ ਕਰੋ ਜੋ ਨਿਰਪੱਖ ਮੁਕਾਬਲੇ ਵਿੱਚ ਰੁਕਾਵਟ ਪਾ ਸਕਦੇ ਹੋਣ।

**ਡਿਸਟ੍ਰੀਬਿਊਟਰਾਂ ਜਾਂ ਫਰੈਂਚਾਈਜ਼ੀਆਂ ਨਾਲ ਲੈਣ-ਦੇਣ ਕਰਦੇ ਸਮੇਂ ਖਾਸ ਸਾਵਧਾਨੀ ਵਰਤੋ।** ਇਸ ਗੱਲ ਦਾ ਧਿਆਨ ਰੱਖੋ ਕਿ ਕਈ ਦੇਸ਼ਾਂ ਵਿੱਚ ਡਿਸਟ੍ਰੀਬਿਊਟਰਾਂ ਜਾਂ ਫਰੈਂਚਾਈਜ਼ੀਆਂ ਨਾਲ ਦੁਬਾਰਾ ਵੇਚਣ ਵਾਲੀਆਂ ਕੀਮਤਾਂ ਤੈਅ ਕਰਨਾ ਜਾਂ ਹੋਰ ਅਜਿਹੇ ਸੌਦੇ ਕਰਨਾ ਗੈਰ-ਕਨੂੰਨੀ ਮੰਨਿਆ ਜਾਂਦਾ ਹੈ।

**ਨਿਯਮਾਂ ਨੂੰ ਜਾਣੋ ਅਤੇ ਆਪਣੀ ਆਵਾਜ਼ ਉਠਾਓ।** ਨਿਰਪੱਖ ਮੁਕਾਬਲੇ ਸੰਬੰਧੀ ਕਨੂੰਨਾਂ ਦੀ ਉਲੰਘਣਾ ਕਰਨ ਨਾਲ ਸਟੇਕਹੋਲਡਰਾਂ (ਹਿੱਸੇਦਾਰਾਂ) ਦੇ ਭਰੋਸੇ ਨੂੰ ਠੇਸ ਪਹੁੰਚ ਸਕਦੀ ਹੈ, ਭਾਰੀ ਵਿੱਤੀ ਨੁਕਸਾਨ ਹੋ ਸਕਦਾ ਹੈ ਅਤੇ ਇੱਥੋਂ ਤੱਕ ਕਿ ਅਪਰਾਧਿਕ ਸਜ਼ਾਵਾਂ ਵੀ ਹੋ ਸਕਦੀਆਂ ਹਨ, ਇਸ ਲਈ ਸਾਡੀ ਮੁਕਾਬਲੇਬਾਜ਼ੀ ਕਨੂੰਨ ਨੀਤੀ ਅਤੇ ਸੰਬੰਧਿਤ ਕਨੂੰਨਾਂ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ।

ਪ੍ਰਤਿਯੋਗੀਆਂ ਦੀਆਂ ਮੀਟਿੰਗਾਂ, ਵਪਾਰਕ ਮੇਲਿਆਂ ਅਤੇ ਹੋਰ ਅਜਿਹੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਜਿਨ੍ਹਾਂ ਵਿੱਚ ਪ੍ਰਤਿਯੋਗੀ ਸ਼ਾਮਲ ਹੁੰਦੇ ਹਨ, ਅਤੇ ਡਿਸਟ੍ਰੀਬਿਊਟਰਾਂ ਤੇ ਫਰੈਂਚਾਈਜ਼ੀਆਂ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਗਲੋਬਲ ਇੰਟੈਗਰਿਟੀ ਨਾਲ ਸਲਾਹ-ਮਸ਼ਵਰਾ ਕਰੋ। ਜੇਕਰ ਮੁਕਾਬਲੇਬਾਜ਼ੀ-ਵਿਰੋਧੀ ਵਿਵਹਾਰ ਬਾਰੇ ਤੁਹਾਡਾ ਕੋਈ ਸਵਾਲ ਜਾਂ ਚਿੰਤਾ ਹੈ, ਤਾਂ ਸਾਡੇ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਨਾਲ ਜ਼ਰੂਰ ਸੰਪਰਕ ਕਰੋ।

ਵਧੇਰੇ ਵੇਰਵਿਆਂ ਲਈ, ਦੇਖੋ: ਮੁਕਾਬਲੇਬਾਜ਼ੀ ਕਨੂੰਨ ਨੀਤੀ



## ਸਵਾਲ ਅਤੇ ਜਵਾਬ

ਸਵਾਲ: ਹਾਲ ਹੀ ਵਿੱਚ ਹੋਏ ਇੱਕ ਵਪਾਰਕ ਮੇਲੇ ਦੌਰਾਨ, ਇੱਕ ਪ੍ਰਤਿਯੋਗੀ ਨੇ ਮੈਨੂੰ ਆਉਣ ਵਾਲੇ ਸਾਲ ਲਈ ਸਾਡੀਆਂ ਉਤਪਾਦਨ ਯੋਜਨਾਵਾਂ ਬਾਰੇ ਪੁੱਛਿਆ। ਮੈਂ ਕੋਈ ਜਵਾਬ ਨਹੀਂ ਦਿੱਤਾ। ਉਸ ਤੋਂ ਬਾਅਦ ਉਸਨੇ ਮੈਨੂੰ ਆਪਣੀ ਕੰਪਨੀ ਦੀਆਂ ਯੋਜਨਾਵਾਂ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ। ਕਿਉਂਕਿ ਮੈਂ Gap Inc. ਬਾਰੇ ਕੁਝ ਨਹੀਂ ਕਿਹਾ, ਤਾਂ ਕੀ ਮੈਂ ਇਸ ਸਥਿਤੀ ਨੂੰ ਸਹੀ ਤਰੀਕੇ ਨਾਲ ਸੰਭਾਲਿਆ?

ਜਵਾਬ: ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਪ੍ਰਤਿਯੋਗੀਆਂ ਨਾਲ ਗੱਲਬਾਤ ਕਰਨ ਲਈ ਪਹਿਲਾਂ ਤੋਂ ਤਿਆਰ ਰਹੋ ਅਤੇ ਇਹ ਯਕੀਨੀ ਬਣਾਓ ਕਿ ਤੁਸੀਂ ਮੁਕਾਬਲੇ ਨਾਲ ਸੰਬੰਧਿਤ ਕੋਈ ਵੀ ਜਾਣਕਾਰੀ ਉਜਾਗਰ ਨਾ ਕਰੋ; ਇਸ ਲਈ Gap Inc. ਦੀਆਂ ਯੋਜਨਾਵਾਂ ਬਾਰੇ ਗੱਲ ਕਰਨ ਤੋਂ ਬਚਣਾ ਤੁਹਾਡਾ ਬਿਲਕੁਲ ਸਹੀ ਕਦਮ ਸੀ। ਜੇਕਰ ਤੁਹਾਨੂੰ ਕਿਸੇ ਹੋਰ ਕੰਪਨੀ ਦੀਆਂ ਯੋਜਨਾਵਾਂ ਬਾਰੇ ਦੱਸਿਆ ਜਾਂਦਾ ਹੈ ਜਾਂ ਤੁਸੀਂ ਗਲਤੀ ਨਾਲ ਉਨ੍ਹਾਂ ਦੀ ਗੱਲਬਾਤ ਸੁਣ ਲੈਂਦੇ ਹੋ, ਤਾਂ ਗੱਲਬਾਤ ਦੇ ਵੇਰਵਿਆਂ ਦੇ ਨਾਲ ਜਿੰਨੀ ਜਲਦੀ ਹੋ ਸਕੇ ਗਲੋਬਲ ਇੰਟੈਗਰਿਟੀ ਨਾਲ ਸੰਪਰਕ ਕਰੋ।

# ਇਨਸਾਈਡਰ ਟਰੇਡਿੰਗ




## ਮਹੱਤਵਪੂਰਨ ਜਾਣਕਾਰੀ ਕੀ ਹੁੰਦੀ ਹੈ?

ਮਹੱਤਵਪੂਰਨ ਜਾਣਕਾਰੀ ਕੰਪਨੀ ਦੀ ਉਹ ਅਹਿਮ ਅਤੇ ਗੈਰ-ਜਨਤਕ ਜਾਣਕਾਰੀ ਹੁੰਦੀ ਹੈ, ਜੋ ਕਿਸੇ ਵਿਅਕਤੀ ਵੱਲੋਂ ਸਟਾਕ ਜਾਂ ਕੋਈ ਸ਼ੇਅਰ ਖਰੀਦਣ ਜਾਂ ਵੇਚਣ ਦਾ ਫ਼ੈਸਲਾ ਲੈਣ ਵੇਲੇ ਮਦਦਗਾਰ ਹੋ ਸਕਦੀ ਹੈ। ਮਹੱਤਵਪੂਰਨ ਜਾਣਕਾਰੀ ਦੀਆਂ ਕੁਝ ਉਦਾਹਰਨਾਂ ਵਿੱਚ ਕਮਾਈ ਅਤੇ ਵਿਕਰੀ ਸੰਬੰਧੀ ਜਾਣਕਾਰੀ, ਪ੍ਰਸਤਾਵਿਤ ਪ੍ਰਾਪਤੀਆਂ, ਪ੍ਰਬੰਧਨ ਵਿੱਚ ਬਦਲਾਅ, ਯੋਜਨਾਬੱਧ ਲਾਭਅੰਸ਼ (ਡਿਵੀਡੈਂਡ) ਜਾਂ ਕੋਈ ਹੋਰ ਗੈਰ-ਜਨਤਕ ਜਾਣਕਾਰੀ ਸ਼ਾਮਲ ਹੈ ਜੋ ਸਟਾਕ ਦੀ ਕੀਮਤ ਨੂੰ ਪ੍ਰਭਾਵਿਤ ਕਰ ਸਕਦੀ ਹੈ।

## ਇਹ ਕਿਉਂ ਮਹੱਤਵਪੂਰਨ ਹੈ।

Gap Inc. ਦੇ ਕਰਮਚਾਰੀ ਹੋਣ ਦੇ ਨਾਤੇ, ਤੁਹਾਨੂੰ ਕੰਪਨੀ ਦੀ ਮਹੱਤਵਪੂਰਨ ਜਾਣਕਾਰੀ ਬਾਰੇ ਜਨਤਕ ਹੋਣ ਤੋਂ ਪਹਿਲਾਂ ਹੀ ਪਤਾ ਲੱਗ ਸਕਦਾ ਹੈ। ਇਸ ਜਾਣਕਾਰੀ ਨੂੰ "ਮਹੱਤਵਪੂਰਨ ਜਾਣਕਾਰੀ" ਕਿਹਾ ਜਾਂਦਾ ਹੈ ਕਿਉਂਕਿ ਇਹ ਕੰਪਨੀ ਦੇ ਸਟਾਕ ਨੂੰ ਖਰੀਦਣ ਜਾਂ ਵੇਚਣ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਮਹੱਤਵਪੂਰਨ ਜਾਣਕਾਰੀ ਦੇ ਜਨਤਕ ਹੋਣ ਤੋਂ ਪਹਿਲਾਂ ਉਸ ਦੇ ਆਧਾਰ 'ਤੇ ਵਪਾਰ ਕਰਨਾ, ਜਿਸ ਨੂੰ "ਇਨਸਾਈਡਰ ਟਰੇਡਿੰਗ" ਵੀ ਕਿਹਾ ਜਾਂਦਾ ਹੈ, ਜਾਂ ਕਿਸੇ ਹੋਰ ਵਿਅਕਤੀ ਨੂੰ ਅੰਦਰੂਨੀ ਜਾਣਕਾਰੀ ਦੇਣਾ, ਨਾ ਸਿਰਫ਼ ਅਨੈਤਿਕ ਹੈ ਸਗੋਂ ਅਪਰਾਧ ਵੀ ਹੈ ਜਿਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ, ਜਿਸ ਵਿੱਚ ਗ਼ੈਰਫ਼ੌਜਦਾਰੀ ਅਤੇ ਅਪਰਾਧਿਕ ਦੋਵੇਂ ਤਰ੍ਹਾਂ ਦੀਆਂ ਸਜ਼ਾਵਾਂ ਸ਼ਾਮਲ ਹਨ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਨੈਤਿਕਤਾ ਨਾਲ ਵਪਾਰ ਕਰੋ।** ਕੋਈ ਵੀ ਕੰਪਨੀ ਦੇ ਸਟਾਕ ਨੂੰ ਖਰੀਦਣ ਜਾਂ ਵੇਚਣ ਬਾਰੇ ਫ਼ੈਸਲੇ ਲੈਣ ਲਈ ਮਹੱਤਵਪੂਰਨ, ਗੈਰ-ਜਨਤਕ ਜਾਣਕਾਰੀ ਜਾਂ "ਅੰਦਰੂਨੀ" ਜਾਣਕਾਰੀ ਦੀ ਵਰਤੋਂ ਨਾ ਕਰੋ ਅਤੇ ਨਾ ਹੀ ਇਸ ਨੂੰ ਸਾਂਝਾ ਕਰੋ। ਜਦੋਂ ਤੱਕ ਅਜਿਹੀ ਜਾਣਕਾਰੀ ਜਨਤਕ ਨਹੀਂ ਕੀਤੀ ਜਾਂਦੀ, ਉਦੋਂ ਤੱਕ ਤੁਸੀਂ ਅਤੇ ਹੋਰ ਲੋਕ ਉਸ ਜਾਣਕਾਰੀ ਦੇ ਆਧਾਰ 'ਤੇ Gap Inc. ਦੀਆਂ ਸਿਕਿਓਰਿਟੀਜ਼ ਜਾਂ ਕਿਸੇ ਹੋਰ ਕੰਪਨੀ ਦੇ ਸਟਾਕ ਜਾਂ ਸਿਕਿਓਰਿਟੀਜ਼ ਵਿੱਚ ਵਪਾਰ ਨਹੀਂ ਕਰ ਸਕਦੇ।

**ਇਸ ਨੂੰ ਗੁਪਤ ਰੱਖੋ।** Gap Inc. ਦੇ ਅੰਦਰ ਜਾਂ ਬਾਹਰ ਕਿਸੇ ਵੀ ਹੋਰ ਵਿਅਕਤੀ ਨੂੰ ਕੋਈ ਸੰਕੇਤ ਨਾ ਦਿਓ ਜਾਂ ਅਜਿਹੀ ਮਹੱਤਵਪੂਰਨ, ਗੈਰ-ਜਨਤਕ ਜਾਣਕਾਰੀ ਪ੍ਰਦਾਨ ਨਾ ਕਰੋ ਜਿਸਦੀ ਵਰਤੋਂ ਕੋਈ ਹੋਰ ਵਿਅਕਤੀ ਕਿਸੇ ਕੰਪਨੀ ਦੇ ਸਟਾਕ ਵਿੱਚ ਵਪਾਰ ਕਰਨ ਲਈ ਕਰ ਸਕਦਾ ਹੋਵੇ। ਗੁਪਤ ਜਾਣਕਾਰੀ ਦੇ ਮਾਮਲੇ ਵਿੱਚ ਸਾਵਧਾਨੀ ਵਰਤੋ, ਅਤੇ ਇਸਨੂੰ ਸਿਰਫ਼ ਉਨ੍ਹਾਂ ਲੋਕਾਂ ਨਾਲ ਸਾਂਝਾ ਕਰੋ ਜੋ ਅਧਿਕਾਰਿਤ ਹਨ ਅਤੇ ਜਿਨ੍ਹਾਂ ਨੂੰ ਕਾਰੋਬਾਰੀ ਲੋੜਾਂ ਕਰਕੇ ਇਹ ਜਾਣਨਾ ਜ਼ਰੂਰੀ ਹੈ। ਇੱਕ ਵਾਰ ਜਦੋਂ ਮਹੱਤਵਪੂਰਨ ਜਾਣਕਾਰੀ ਲੋੜੀਂਦੇ ਸਮੇਂ ਲਈ ਜਨਤਾ ਦੇ ਸਾਹਮਣੇ ਪੂਰੀ ਤਰ੍ਹਾਂ ਉਜਾਗਰ ਕਰ ਦਿੱਤੀ ਜਾਂਦੀ ਹੈ, ਤਾਂ ਤੁਸੀਂ ਕੰਪਨੀ ਦੇ ਸਟਾਕ ਵਿੱਚ ਵਪਾਰ ਕਰ ਸਕਦੇ ਹੋ।

**ਸਾਡੇ ਨਿਯਮਾਂ ਅਤੇ ਕਨੂੰਨ ਦੀ ਪਾਲਣਾ ਕਰੋ।** ਇਨਸਾਈਡਰ ਟਰੇਡਿੰਗ ਸਾਡੀਆਂ ਨੀਤੀਆਂ ਅਤੇ ਕਨੂੰਨ ਦੀ ਉਲੰਘਣਾ ਕਰਦੀ ਹੈ। U.S. ਸਿਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਅਤੇ ਇਸ ਤਰ੍ਹਾਂ ਦੀਆਂ ਹੋਰ ਏਜੰਸੀਆਂ ਕੋਲ ਅੰਦਰੂਨੀ ਜਾਣਕਾਰੀ ਦੇ ਆਧਾਰ 'ਤੇ ਵਪਾਰ ਕਰਨ ਵਾਲੇ ਜਾਂ ਕਿਸੇ ਹੋਰ ਵਿਅਕਤੀ ਨੂੰ ਅੰਦਰੂਨੀ ਜਾਣਕਾਰੀ ਦੇਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਗ਼ੈਰਫ਼ੌਜਦਾਰੀ ਮੁਕੱਦਮਾ ਦਾਇਰ ਕਰਨ ਦਾ ਅਧਿਕਾਰ ਹੈ। ਇਨਸਾਈਡਰ ਟਰੇਡਿੰਗ ਅਪਰਾਧ ਵੀ ਹੈ ਜਿਸ ਲਈ ਅਪਰਾਧਿਕ ਸਜ਼ਾਵਾਂ ਹੋ ਸਕਦੀਆਂ ਹਨ।

ਇਹ ਹਮੇਸ਼ਾਂ ਸਪਸ਼ਟ ਨਹੀਂ ਹੁੰਦਾ ਕਿ ਕਿਹੜੀ ਜਾਣਕਾਰੀ ਨੂੰ ਮਹੱਤਵਪੂਰਨ ਮੰਨਿਆ ਜਾਵੇ, ਇਸ ਲਈ ਜੇਕਰ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਜਾਣਕਾਰੀ ਜਨਤਕ ਕੀਤੀ ਗਈ ਹੈ ਜਾਂ ਨਹੀਂ, ਤਾਂ ਵਪਾਰ ਕਰਨ ਤੋਂ ਪਹਿਲਾਂ ਗਲੋਬਲ ਇਕੁਇਟੀ ਪ੍ਰਸ਼ਾਸਨ ਨਾਲ ਸੰਪਰਕ ਕਰੋ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਸਾਡੀ ਇਨਸਾਈਡਰ ਟਰੇਡਿੰਗ ਨੀਤੀ ਦੀ ਉਲੰਘਣਾ ਹੋਣ ਦਾ ਸ਼ੱਕ ਹੈ, ਤਾਂ ਗਲੋਬਲ ਇਕੁਇਟੀ ਪ੍ਰਸ਼ਾਸਨ ਅਤੇ ਕਨੂੰਨੀ ਜਾਂ COBC ਆਪਣੀ ਆਵਾਜ਼ ਉਠਾਓ (Speak Up) ਹੌਟਲਾਈਨ ਨਾਲ ਸੰਪਰਕ ਕਰੋ।

ਹੋਰ ਜਾਣੋ: ਇਨਸਾਈਡਰ ਟਰੇਡਿੰਗ ਨੀਤੀ | ਖੁਲਾਸਾ ਨੀਤੀ

## ਸਵਾਲ ਅਤੇ ਜਵਾਬ

ਸਵਾਲ: ਮੇਰੇ ਜੀਜਾ ਜੀ ਉਸ ਕੰਪਨੀ ਵਿੱਚ ਕੰਮ ਕਰਦੇ ਸਨ ਜਿਸ ਨਾਲ Gap Inc. ਅਗਲੇ ਮਹੀਨੇ ਮਾਰਕੀਟਿੰਗ ਭਾਈਵਾਲੀ ਦਾ ਐਲਾਨ ਕਰਨ ਦੀ ਯੋਜਨਾ ਬਣਾ ਰਹੀ ਹੈ। ਮੈਨੂੰ ਲੱਗਦਾ ਹੈ ਕਿ ਉਹ ਇਸ ਨਵੇਂ ਸੰਬੰਧ ਬਾਰੇ ਜਾਣਨ ਵਿੱਚ ਦਿਲਚਸਪੀ ਰੱਖਣਗੇ। ਕੀ ਮੈਂ ਉਨ੍ਹਾਂ ਨੂੰ ਇਹ ਉਤਸ਼ਾਹਜਨਕ ਖਬਰ ਦੱਸ ਸਕਦਾ/ ਸਕਦੀ ਹਾਂ?

ਜਵਾਬ: ਨਹੀਂ। ਅਣਅਧਿਕਾਰਿਤ ਲੋਕਾਂ ਨਾਲ ਇਸ ਤਰ੍ਹਾਂ ਦੀ ਮਹੱਤਵਪੂਰਨ, ਗੈਰ-ਜਨਤਕ ਜਾਣਕਾਰੀ ਸਾਂਝੀ ਕਰਨਾ, ਜਾਂ ਅਜਿਹੀ ਜਾਣਕਾਰੀ ਦੇ ਅਧਾਰ 'ਤੇ ਦੂਜਿਆਂ ਨੂੰ ਕੰਪਨੀ ਦੇ ਸਟਾਕ ਖਰੀਦਣ ਜਾਂ ਵੇਚਣ ਦੀ ਸਲਾਹ ਦੇਣਾ, ਸਾਡੀ ਨੀਤੀ ਦੀ ਉਲੰਘਣਾ ਹੈ ਅਤੇ ਇਹ ਕਨੂੰਨ ਦੇ ਵਿਰੁੱਧ ਵੀ ਹੋ ਸਕਦਾ ਹੈ।

# ਵਪਾਰ ਦੇ ਨਿਯਮ




## ਇਹ ਕਿਉਂ ਮਹੱਤਵਪੂਰਨ ਹੈ।

ਵਿਸ਼ਵਵਿਆਪੀ ਕਾਰੋਬਾਰ ਵਜੋਂ, Gap Inc. ਕੌਮਾਂਤਰੀ ਵਪਾਰ ਅਤੇ ਵੱਖ-ਵੱਖ ਦੇਸ਼ਾਂ ਵਿੱਚ ਵਸਤੂਆਂ ਅਤੇ ਤਕਨਾਲੋਜੀ ਦੇ ਤਬਾਦਲੇ ਵਿੱਚ ਸ਼ਾਮਲ ਹੈ। ਹਾਲਾਂਕਿ ਸਾਡੀ ਕੰਪਨੀ ਲਈ ਵਸਤੂਆਂ ਦਾ ਆਯਾਤ ਅਤੇ ਨਿਰਯਾਤ ਕਰਨਾ ਇੱਕ ਲੋੜ ਹੈ, ਪਰ ਸਾਰਾ ਕਾਰੋਬਾਰ ਲਾਗੂ ਕਨੂੰਨਾਂ ਦੇ ਅਨੁਸਾਰ ਹੀ ਕੀਤਾ ਜਾਣਾ ਚਾਹੀਦਾ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਨਿਯਮਾਂ ਨੂੰ ਜਾਣੋ।** U.S ਅਤੇ ਕੌਮਾਂਤਰੀ ਵਪਾਰਕ ਕਨੂੰਨ ਗੁੰਝਲਦਾਰ ਹਨ, ਇਸ ਲਈ ਜੇਕਰ ਤੁਸੀਂ ਕਿਸੇ ਵੀ ਤਰੀਕੇ ਨਾਲ Gap Inc. ਦੇ ਉਤਪਾਦਾਂ ਅਤੇ ਸੇਵਾਵਾਂ ਨੂੰ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਭੇਜਣ ਜਾਂ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਉਪਲਬਧ ਕਰਵਾਉਣ ਵਿੱਚ ਸ਼ਾਮਲ ਹੋ, ਤਾਂ ਇਹ ਯਕੀਨੀ ਬਣਾਉਣ ਲਈ ਆਪਣੇ ਮੈਨੇਜਰ ਨਾਲ ਮਿਲ ਕੇ ਕੰਮ ਕਰੋ ਕਿ ਇਹ ਲੈਣ-ਦੇਣ ਲਾਗੂ ਕਨੂੰਨਾਂ ਦੇ ਦਾਇਰੇ ਵਿੱਚ ਰਹਿਣ।

**ਨਿਰਯਾਤ ਦੀ ਪਾਲਣਾ।** ਨਿਰਯਾਤ ਉਦੋਂ ਵੀ ਹੋ ਸਕਦਾ ਹੈ ਜਦੋਂ ਵਸਤੂਆਂ ਜਾਂ ਤਕਨਾਲੋਜੀ ਕਿਸੇ ਵਿਦੇਸ਼ੀ ਨਾਗਰਿਕ ਨੂੰ ਟ੍ਰਾਂਸਫਰ ਕੀਤੀ ਜਾਂਦੀ ਹੈ, ਭਾਵੇਂ ਉਹ ਇੱਕੋ ਕੰਪਨੀ ਦੇ ਅੰਦਰ ਹੀ ਕਿਉਂ ਨਾ ਹੋਵੇ, ਇਸ ਲਈ ਲੈਣ-ਦੇਣ ਕਰਦੇ ਸਮੇਂ ਸਾਵਧਾਨ ਰਹੋ, ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਸਪਸ਼ਟੀਕਰਨ ਲਓ।

**ਬਾਈਕਾਟ-ਵਿਰੋਧੀ ਨੀਤੀ।** ਬਾਈਕਾਟ ਉਦੋਂ ਹੁੰਦਾ ਹੈ ਜਦੋਂ ਕੋਈ ਵਿਅਕਤੀ, ਸਮੂਹ ਜਾਂ ਦੇਸ਼ ਦੂਜੇ ਲੋਕਾਂ ਜਾਂ ਦੇਸ਼ਾਂ ਨਾਲ ਕਾਰੋਬਾਰ ਕਰਨ ਤੋਂ ਇਨਕਾਰ ਕਰਦਾ ਹੈ। ਬਾਈਕਾਟ ਵਿੱਚ ਸ਼ਾਮਲ ਹੋਣ ਦੀ ਬੇਨਤੀ ਕਿਸੇ ਬੋਲੀ ਦੇ ਸੱਦੇ, ਖਰੀਦ ਇਕਰਾਰਨਾਮੇ, ਲੈਟਰ ਆਫ਼ ਕ੍ਰੈਡਿਟ, ਜ਼ੁਬਾਨੀ ਜਾਂ ਸੰਚਾਰ ਦੇ ਹੋਰ ਸਾਧਨਾਂ ਰਾਹੀਂ ਸਾਹਮਣੇ ਆ ਸਕਦੀ ਹੈ। ਉਨ੍ਹਾਂ ਬਾਈਕਾਟਾਂ ਵਿੱਚ ਸਹਿਯੋਗ ਨਾ ਦਿਓ ਜਿਨ੍ਹਾਂ ਨੂੰ U.S. ਸਰਕਾਰ ਦੁਆਰਾ ਮਨਜ਼ੂਰੀ ਨਹੀਂ ਦਿੱਤੀ ਗਈ ਹੈ। ਸਾਡੇ ਲਈ ਕੁਝ ਖਾਸ ਬਾਈਕਾਟਾਂ ਵਿੱਚ ਹਿੱਸਾ ਲੈਣ ਦੀਆਂ ਬੇਨਤੀਆਂ ਬਾਰੇ ਰਿਪੋਰਟ ਕਰਨਾ ਲਾਜ਼ਮੀ ਹੈ, ਇਸ ਲਈ ਜੇਕਰ ਤੁਹਾਨੂੰ ਅਜਿਹੀ ਕੋਈ ਬੇਨਤੀ ਮਿਲਦੀ ਹੈ ਜਾਂ ਲੱਗਦਾ ਹੈ ਕਿ ਮਿਲੀ ਹੈ, ਤਾਂ ਇਸਦੀ ਤੁਰੰਤ ਗਲੋਬਲ ਇੰਟੈਗਰਿਟੀ ਨੂੰ ਰਿਪੋਰਟ ਕਰੋ।

**ਪਾਬੰਦੀਆਂ।** ਉਨ੍ਹਾਂ ਵਿਅਕਤੀਆਂ ਜਾਂ ਸੰਸਥਾਵਾਂ ਨਾਲ ਕਾਰੋਬਾਰ ਨਾ ਕਰੋ ਜੋ ਅਮਰੀਕਾ ਅਤੇ ਹੋਰ ਦੇਸ਼ਾਂ ਜਾਂ ਸੰਸਥਾਵਾਂ ਦੁਆਰਾ ਲਗਾਈਆਂ ਗਈਆਂ ਪਾਬੰਦੀਆਂ ਦੇ ਅਧੀਨ ਹਨ। ਇਹ ਪਾਬੰਦੀਆਂ ਕਾਰੋਬਾਰੀ ਲੈਣ-ਦੇਣ ਜਿਵੇਂ ਕਿ ਸੰਪਤੀਆਂ ਦੇ ਤਬਾਦਲੇ, ਪੈਸਿਆਂ ਦੇ ਭੁਗਤਾਨ, ਸੇਵਾਵਾਂ ਪ੍ਰਦਾਨ ਕਰਨ, ਸੰਵੇਦਨਸ਼ੀਲ ਤਕਨਾਲੋਜੀ ਦੇ ਨਿਰਯਾਤ ਅਤੇ ਪ੍ਰਭਾਵਿਤ ਦੇਸ਼ਾਂ ਦੀ ਯਾਤਰਾ 'ਤੇ ਰੋਕ ਲਗਾ ਸਕਦੀਆਂ ਹਨ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਹਾਡੇ ਕੋਈ ਸਵਾਲ, ਚਿੰਤਾਵਾਂ ਹਨ ਜਾਂ ਕੌਮਾਂਤਰੀ ਵਪਾਰਕ ਕਨੂੰਨਾਂ ਨੂੰ ਸਮਝਣ ਵਿੱਚ ਮਦਦ ਦੀ ਲੋੜ ਹੈ, ਤਾਂ ਗਲੋਬਲ ਇੰਟੈਗਰਿਟੀ ਨਾਲ ਸੰਪਰਕ ਕਰੋ।

ਹੋਰ ਵੇਰਵਿਆਂ ਲਈ, ਇਸਦਾ ਹਵਾਲਾ ਲਓ: ਪਾਬੰਦੀਆਂ ਦੀ ਪਾਲਣਾ ਨੀਤੀ

## ਸਵਾਲ ਅਤੇ ਜਵਾਬ

ਸਵਾਲ: ਅਸੀਂ ਉਤਪਾਦ ਨਿਰਮਾਣ ਲਈ ਨਵਾਂ ਸਾਫ਼ਟਵੇਅਰ ਵਿਕਸਿਤ ਕਰ ਰਹੇ ਹਾਂ ਜੋ ਬਿਲਕੁਲ ਨਵੇਂ ਤਰੀਕੇ ਨਾਲ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਦਾ ਹੈ। ਮੈਂ ਇਸ ਸਾਫ਼ਟਵੇਅਰ ਨੂੰ ਵਿਦੇਸ਼ ਵਿੱਚ ਰਹਿੰਦੇ ਆਪਣੇ ਸਹਿਕਰਮੀ ਨਾਲ ਸਾਂਝਾ ਕਰਨਾ ਚਾਹੁੰਦਾ/ ਚਾਹੁੰਦੀ ਹਾਂ। ਕੀ ਅਜਿਹਾ ਕਰਨਾ ਠੀਕ ਹੈ?

ਜਵਾਬ: ਇਹ ਨਿਰਭਰ ਕਰਦਾ ਹੈ। ਕਿਉਂਕਿ ਤਕਨਾਲੋਜੀ ਦੇ ਤਬਾਦਲੇ ਨੂੰ ਨਿਰਯਾਤ ਮੰਨਿਆ ਜਾ ਸਕਦਾ ਹੈ, ਇਸ ਲਈ ਇਸ ਵਾਸਤੇ ਲਾਇਸੈਂਸ ਦੀ ਲੋੜ ਹੋ ਸਕਦੀ ਹੈ ਜਾਂ ਇਹ ਹੋਰ ਰੈਗੂਲੇਟਰੀ ਲੋੜਾਂ ਦੇ ਅਧੀਨ ਹੋ ਸਕਦਾ ਹੈ। ਇਹ ਬੌਧਿਕ ਸੰਪੱਤੀ ਦੇ ਅਧਿਕਾਰਾਂ ਦੀ ਉਲੰਘਣਾ ਵੀ ਹੋ ਸਕਦੀ ਹੈ, ਜਿਸ ਵਿੱਚ ਸਾਫ਼ਟਵੇਅਰ ਕਾਪੀਰਾਈਟ ਸ਼ਾਮਲ ਹਨ। ਮਾਰਗਦਰਸ਼ਨ ਲਈ ਗਲੋਬਲ ਇੰਟੈਗਰਿਟੀ ਨਾਲ ਸੰਪਰਕ ਕਰੋ।

# ਜਨਤਕ ਸੰਚਾਰ ਅਤੇ ਸੋਸ਼ਲ ਮੀਡੀਆ

## ਇਹ ਕਿਉਂ ਮਹੱਤਵਪੂਰਨ ਹੈ।*

Gap Inc. ਲੋਕਾਂ ਨੂੰ ਕੇਂਦਰ ਵਿੱਚ ਰੱਖਣ ਵਾਲਾ ਅਜਿਹਾ ਤੰਤਰ (ਈਕੋਸਿਸਟਮ) ਹੈ, ਜਿੱਥੇ ਸਾਡੇ ਬ੍ਰਾਂਡ ਆਪਣੇ ਉਤਪਾਦਾਂ ਅਤੇ ਅਨੁਭਵਾਂ ਰਾਹੀਂ ਅਸਲੀ ਸਵੈ-ਅਭਿਵਿਅਕਤੀ ਲਈ ਪ੍ਰੇਰਿਤ ਕਰਦੇ ਹਨ। ਸਾਡੇ ਬ੍ਰਾਂਡਾਂ ਅਤੇ ਸ਼ਾਖ ਦੀ ਰੱਖਿਆ ਕਰਨ ਲਈ, ਸਾਡੇ ਕੋਲ ਅਜਿਹੇ ਵਿਅਕਤੀ ਹਨ ਜੋ Gap Inc. ਵੱਲੋਂ ਬੋਲਣ ਅਤੇ ਇੱਕਜੁਟ ਆਵਾਜ਼ ਵਿੱਚ ਉਹ ਕਹਾਣੀਆਂ ਸੁਣਾਉਣ ਲਈ ਅਧਿਕਾਰਿਤ ਹਨ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਸਾਡੇ ਨਿਯਮਾਂ ਦੀ ਪਾਲਣਾ ਕਰੋ।** ਸੰਚਾਰ, ਜਨਤਕ ਖੁਲਾਸੇ ਅਤੇ ਸੋਸ਼ਲ ਮੀਡੀਆ ਸੰਬੰਧੀ ਸਾਡੀਆਂ ਨੀਤੀਆਂ ਤੋਂ ਚੰਗੀ ਤਰ੍ਹਾਂ ਜਾਣੂ ਹੋਵੋ।

**ਮੀਡੀਆ ਦੀਆਂ ਬੇਨਤੀਆਂ ਨੂੰ ਅੱਗੇ ਭੇਜੋ।** ਜਦੋਂ ਤੱਕ Gap Inc. ਵੱਲੋਂ ਵਿਸ਼ੇਸ਼ ਤੌਰ 'ਤੇ ਸੰਚਾਰ ਕਰਨਾ ਤੁਹਾਡਾ ਕੰਮ ਨਾ ਹੋਵੇ, ਮੀਡੀਆ ਤੋਂ ਆਉਣ ਵਾਲੀਆਂ ਸਾਰੀਆਂ ਬੇਨਤੀਆਂ ਨੂੰ ਸੰਚਾਰ ਕੋਲ ਭੇਜੋ। Gap Inc. ਵੱਲੋਂ ਮੀਡੀਆ ਨੂੰ ਕੋਈ ਟਿੱਪਣੀ ਨਾ ਕਰੋ ਅਤੇ ਨਾ ਹੀ ਕੋਈ ਬਿਆਨ ਦਿਓ।

**ਸੋਸ਼ਲ ਮੀਡੀਆ ਦੀ ਵਰਤੋਂ ਜ਼ਿੰਮੇਵਾਰੀ ਨਾਲ ਕਰੋ।** Gap Inc. ਨਿੱਜੀ ਅਤੇ ਕੰਮ ਤੋਂ ਇਲਾਵਾ ਬਾਕੀ ਸਮੇਂ ਦੌਰਾਨ ਕਰਮਚਾਰੀਆਂ ਦੇ ਸੋਸ਼ਲ ਮੀਡੀਆ ਅਤੇ ਸਵੈ-ਅਭਿਵਿਅਕਤੀ ਤੇ ਸੰਚਾਰ ਦੇ ਹੋਰ ਆਨਲਾਈਨ ਸਾਧਨਾਂ ਦੀ ਵਰਤੋਂ ਕਰਨ ਦੇ ਅਧਿਕਾਰ ਦਾ ਸਤਿਕਾਰ ਕਰਦੀ ਹੈ। ਯਾਦ ਰੱਖੋ ਕਿ ਜੋ ਕੁਝ ਵੀ ਤੁਸੀਂ ਆਨਲਾਈਨ ਕਹਿੰਦੇ ਹੋ ਉਹ ਹਮੇਸ਼ਾਂ ਲਈ ਸਥਾਈ ਰਹਿ ਸਕਦਾ ਹੈ, ਅਤੇ ਤੁਹਾਡੇ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਸਮੱਗਰੀ ਲਈ ਤੁਸੀਂ ਖੁਦ ਜ਼ਿੰਮੇਵਾਰ ਹੋ।

**ਪ੍ਰਕਾਸ਼ਿਤ ਸਮੱਗਰੀ ਜਾਂ ਬਾਹਰ ਭਾਸ਼ਣ ਦੇਣ ਲਈ ਪਹਿਲਾਂ ਤੋਂ ਮਨਜ਼ੂਰੀ ਲਓ।** ਕਿਸੇ ਸਮਾਗਮ ਵਿੱਚ ਬੋਲਣ ਜਾਂ ਆਨਲਾਈਨ ਜਾਂ ਪ੍ਰਿੰਟ ਵਿੱਚ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਕਿਸੇ ਕਾਲਮ, ਲੇਖ, ਸੰਪਾਦਕੀ ਜਾਂ ਹੋਰ ਸਮੱਗਰੀ ਨੂੰ ਜਮ੍ਹਾਂ ਕਰਾਉਣ ਤੋਂ ਪਹਿਲਾਂ ਅਗਾਊਂ ਮਨਜ਼ੂਰੀ ਲੈਣੀ ਲਾਜ਼ਮੀ ਹੈ। ਆਪਣੀ ਬੇਨਤੀ ਸੰਚਾਰ ਨੂੰ ਜਮ੍ਹਾਂ ਕਰੋ ਅਤੇ ਮਾਰਗਦਰਸ਼ਨ ਲਈ ਬਾਹਰੀ ਭਾਸ਼ਣ, ਇਨਸਾਈਡਰ ਟਰੇਡਿੰਗ ਅਤੇ ਖੁਲਾਸਾ ਨੀਤੀਆਂ ਦਾ ਹਵਾਲਾ ਲਓ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਹਾਡੇ ਕੋਲ ਸੰਚਾਰ ਜਾਂ ਸੋਸ਼ਲ ਮੀਡੀਆ ਦੀ ਵਰਤੋਂ ਬਾਰੇ ਕੋਈ ਸਵਾਲ ਹਨ, ਤਾਂ ਆਪਣੇ ਮੈਨੇਜਰ ਨਾਲ ਇਸ ਬਾਰੇ ਚਰਚਾ ਕਰੋ ਜਾਂ ਸੰਚਾਰ ਜਾਂ ਸੋਸ਼ਲ ਮੀਡੀਆ ਟੀਮ ਨਾਲ ਸੰਪਰਕ ਕਰੋ।

- ਇਲੈਕਟ੍ਰਾਨਿਕ ਸੰਚਾਰ ਅਤੇ ਸੋਸ਼ਲ ਮੀਡੀਆ, ਖੁਲਾਸਾ ਅਤੇ ਜ਼ੀਰੋ ਮਤਲਬ ਜ਼ੀਰੋ: ਕੋਈ ਭੇਦਭਾਵ ਜਾਂ ਪਰੇਸ਼ਾਨੀ ਨਹੀਂ ਸੰਬੰਧੀ ਸਾਡੀਆਂ ਨੀਤੀਆਂ ਤੋਂ ਚੰਗੀ ਤਰ੍ਹਾਂ ਜਾਣੂ ਹੋਵੋ ਅਤੇ ਇਨ੍ਹਾਂ ਦੀ ਪਾਲਣਾ ਕਰੋ।
- Gap Inc.ਜਾਂ ਤੀਜੀਆਂ ਧਿਰਾਂ ਨਾਲ ਸੰਬੰਧਿਤ ਕਾਪੀਰਾਈਟ, ਟ੍ਰੇਡਮਾਰਕ ਅਤੇ ਹੋਰ ਬੌਧਿਕ ਸੰਪਤੀ ਦਾ ਸਤਿਕਾਰ ਕਰੋ।
- ਜੇਕਰ ਤੁਸੀਂ Gap Inc. ਜਾਂ ਇਸਦੇ ਉਤਪਾਦਾਂ ਅਤੇ ਸੇਵਾਵਾਂ ਬਾਰੇ ਆਨਲਾਈਨ ਸਮਰਥਨ ਕਰ ਰਹੇ ਹੋ ਜਾਂ ਕੋਈ ਟਿੱਪਣੀ ਕਰ ਰਹੇ ਹੋ, ਤਾਂ ਪੂਰੀ ਤਰ੍ਹਾਂ ਖੁਲਾਸਾ ਕਰੋ ਕਿ ਤੁਸੀਂ ਕਰਮਚਾਰੀ ਹੋ।
- ਜੇਕਰ Gap Inc. ਦੇ ਉਤਪਾਦਾਂ ਜਾਂ ਸੇਵਾਵਾਂ ਬਾਰੇ ਆਨਲਾਈਨ ਪੋਸਟ ਕਰ ਰਹੇ ਹੋ, ਤਾਂ ਅਜਿਹੇ ਬਿਆਨ ਦਿਓ ਜੋ ਤੁਹਾਡੇ ਅਸਲੀ, ਇਮਾਨਦਾਰ ਵਿਚਾਰਾਂ, ਖੋਜਾਂ, ਵਿਸ਼ਵਾਸਾਂ ਅਤੇ/ਜਾਂ ਅਨੁਭਵਾਂ ਨੂੰ ਦਰਸਾਉਂਦੇ ਹੋਣ।
- ਸੰਚਾਰ ਟੀਮ ਦੀ ਲਿਖਤੀ ਮਨਜ਼ੂਰੀ ਤੋਂ ਬਿਨਾਂ ਆਪਣੇ ਆਪ ਨੂੰ Gap Inc. ਦੇ ਬੁਲਾਰੇ ਵਜੋਂ ਪੇਸ਼ ਨਾ ਕਰੋ।
- Gap Inc. ਬਾਰੇ ਕੋਈ ਵੀ ਗੁਪਤ ਜਾਣਕਾਰੀ ਪੋਸਟ ਨਾ ਕਰੋ।
- ਸਾਡੇ ਗਾਹਕਾਂ ਜਾਂ ਕਰਮਚਾਰੀਆਂ ਬਾਰੇ ਨਿੱਜੀ ਜਾਂ ਨਿੱਜਤਾ ਸੰਬੰਧੀ ਜਾਣਕਾਰੀ ਨੂੰ ਅੱਗੇ ਸਾਂਝਾ ਨਾ ਕਰੋ।

### ਭਾਸ਼ਣ ਦੇਣ ਦੇ ਪ੍ਰੋਗਰਾਮ (ਸਪੀਕਿੰਗ ਇੰਗੇਜਮੈਂਟਸ) ਕੀ ਹੁੰਦੇ ਹਨ?

ਭਾਸ਼ਣ ਦੇਣ ਦੇ ਪ੍ਰੋਗਰਾਮਾਂ ਤੋਂ ਭਾਵ ਅਜਿਹੀ ਕੋਈ ਵੀ ਸਥਿਤੀ ਹੈ ਜਿੱਥੇ ਤੁਸੀਂ ਬਾਹਰੀ ਸਰੋਤਿਆਂ ਨੂੰ ਸੰਬੋਧਿਤ ਕਰ ਸਕਦੇ ਹੋ, ਜਿਸ ਵਿੱਚ ਕੋਈ ਉਦਯੋਗਿਕ ਪੈਨਲ, ਪੋਡਕਾਸਟ, ਰਾਊਂਡਟੇਬਲ ਕਾਨਫ਼ਰੰਸ, ਵਿਕਰੇਤਾ ਕਾਨਫ਼ਰੰਸ, ਵਪਾਰਕ ਐਸੋਸੀਏਸ਼ਨ ਦਾ ਭਾਸ਼ਣ, ਸਾਬਕਾ ਵਿਦਿਆਰਥੀਆਂ ਦਾ ਸਮਾਗਮ, ਯੂਨੀਵਰਸਿਟੀ ਦੀ ਕਲਾਸ ਆਦਿ ਸ਼ਾਮਲ ਹਨ।

ਇਸ ਵਿੱਚ ਕਿਸੇ ਲੇਖ ਲਈ ਇੰਟਰਵਿਊ ਦਿੱਤਾ ਜਾਣਾ ਜਾਂ ਵਪਾਰਕ ਪ੍ਰਕਾਸ਼ਨ ਜਾਂ ਕਿਸੇ ਹੋਰ ਮਾਧਿਅਮ ਵਿੱਚ ਪ੍ਰਕਾਸ਼ਿਤ ਹੋਣ ਦੇ ਉਦੇਸ਼ ਨਾਲ ਕੋਈ ਸੰਪਾਦਕੀ ਲੇਖ ਜਮ੍ਹਾਂ ਕਰਾਉਣਾ ਸ਼ਾਮਲ ਹੈ, ਜਿੱਥੇ ਤੁਹਾਡੇ ਬਿਆਨ ਦਾ ਹਵਾਲਾ ਦਿੱਤਾ ਜਾ ਸਕਦਾ ਹੋਵੇ। ਇਸ ਵਿੱਚ ਫ਼ੋਨ ਕਾਲਾਂ ਜਾਂ ਕਾਰੋਬਾਰੀ ਮੀਟਿੰਗਾਂ ਸ਼ਾਮਲ ਨਹੀਂ ਹਨ।

ਹੋਰ ਵੇਰਵਿਆਂ ਲਈ, ਇਨ੍ਹਾਂ ਦਾ ਹਵਾਲਾ ਲਓ: ਮੀਡੀਆ ਅਤੇ ਗੈਰ-ਪਰੰਪਰਾਗਤ ਮੀਡੀਆ ਦਿਸ਼ਾ-ਨਿਰਦੇਸ਼ ਇਲੈਕਟ੍ਰਾਨਿਕ ਸੰਚਾਰ ਅਤੇ ਸੋਸ਼ਲ ਮੀਡੀਆ ਨੀਤੀ | ਬਾਹਰੀ ਭਾਸ਼ਣ ਨੀਤੀ ਖੁਲਾਸਾ ਨੀਤੀ

## ਸਵਾਲ ਅਤੇ ਜਵਾਬ

ਸਵਾਲ: ਮੈਂ ਸੋਸ਼ਲ ਮੀਡੀਆ 'ਤੇ ਕਿਸੇ ਵਿਅਕਤੀ ਦਾ ਸੁਨੇਹਾ ਦੇਖਿਆ ਹੈ ਜੋ Gap Inc. ਦੇ ਉਤਪਾਦਾਂ ਬਾਰੇ ਝੂਠੇ ਦਾਅਵੇ ਕਰ ਰਿਹਾ ਹੈ। ਕੀ ਮੇਰੇ ਲਈ ਸਥਿਤੀ ਨੂੰ ਸਪਸ਼ਟ ਕਰਨਾ ਠੀਕ ਹੈ?

ਜਵਾਬ: ਸਿੱਧੇ ਤੌਰ 'ਤੇ ਨਹੀਂ। ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਵੱਲੋਂ ਦੇਖੀ ਗਈ ਕਿਸੇ ਵੀ ਗਲਤ ਜਾਣਕਾਰੀ ਬਾਰੇ ਸੋਸ਼ਲ ਮੀਡੀਆ ਟੀਮ ਨੂੰ ਸੂਚਿਤ ਕਰੋ। ਕਿਰਪਾ ਕਰਕੇ Gap Inc. ਵੱਲੋਂ ਕੋਈ ਜਵਾਬ ਨਾ ਦਿਓ।

ਸਵਾਲ: ਮੈਂ ਨਵੀਂ ਪ੍ਰੋਡਕਟ ਲਾਈਨ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਾਂ ਜੋ ਅਸੀਂ ਅਗਲੇ ਮਹੀਨੇ ਲਾਂਚ ਕਰਨ ਜਾ ਰਹੇ ਹਾਂ। ਕੀ ਸੋਸ਼ਲ ਮੀਡੀਆ 'ਤੇ ਮੇਰੇ ਫਾਲੋਅਰਜ਼ ਅਤੇ ਦੋਸਤਾਂ ਨੂੰ ਇਹ ਦੱਸਣਾ ਠੀਕ ਹੈ ਕਿ ਉਹ ਜਲਦੀ ਹੀ ਆਉਣ ਵਾਲੀਆਂ ਨਵੀਆਂ ਵਸਤੂਆਂ 'ਤੇ ਨਜ਼ਰ ਰੱਖਣ?

ਜਵਾਬ: ਇਹ ਨਿਰਭਰ ਕਰਦਾ ਹੈ। ਤੁਹਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੀ ਗੁਪਤ ਜਾਣਕਾਰੀ ਨੀਤੀ ਇੰਟਰਨੈੱਟ 'ਤੇ ਵੀ ਲਾਗੂ ਹੁੰਦੀ ਹੈ। ਜੇਕਰ ਕੋਈ ਚੀਜ਼ ਅਜੇ ਤੱਕ ਜਨਤਕ ਨਹੀਂ ਹੋਈ ਹੈ, ਤਾਂ ਤੁਸੀਂ ਉਸਨੂੰ ਆਪਣੇ ਸੋਸ਼ਲ ਮੀਡੀਆ 'ਤੇ ਪੋਸਟ ਨਹੀਂ ਕਰ ਸਕਦੇ। ਇਹ ਚੰਗੀ ਗੱਲ ਹੈ ਕਿ ਤੁਸੀਂ ਸਾਡੇ ਉਤਪਾਦਾਂ ਨੂੰ ਲੈ ਕੇ ਉਤਸ਼ਾਹਿਤ ਹੋ; ਬੱਸ ਇਹ ਯਕੀਨੀ ਬਣਾਓ ਕਿ ਤੁਸੀਂ Gap Inc. ਦੁਆਰਾ ਜਾਣਕਾਰੀ ਜਨਤਕ ਕੀਤੇ ਜਾਣ ਤੋਂ ਪਹਿਲਾਂ ਕਿਸੇ ਵੀ ਚੀਜ਼ ਦਾ ਖੁਲਾਸਾ ਨਾ ਕਰੋ।

# ਆਰਟੀਫੀਸ਼ੀਅਲ ਇੰਟੈਲੀਜੈਂਸ



## ਜੈਨਰੇਟਿਵ AI ਕੀ ਹੁੰਦੀ ਹੈ?

ਜੈਨਰੇਟਿਵ AI ਇੱਕ ਕਿਸਮ ਦੀ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰਣਾਲੀ ਹੈ ਜੋ ਪ੍ਰੋਂਪਟ ਦੇ ਜਵਾਬ ਵਿੱਚ ਨਵੀਂ ਸਮੱਗਰੀ ਤਿਆਰ ਕਰਦੀ ਹੈ, ਜਿਵੇਂ ਕਿ ਟੈਕਸਟ, ਚਿੱਤਰ, ਸਾਫ਼ਟਵੇਅਰ ਕੋਡ, ਉਤਪਾਦ ਦੇ ਡਿਜ਼ਾਈਨ ਅਤੇ ਹੋਰ ਮਾਧਿਅਮ।

## ਇਹ ਕਿਉਂ ਮਹੱਤਵਪੂਰਨ ਹੈ।

ਹਾਲਾਂਕਿ ਜੈਨਰੇਟਿਵ AI ਵਿਚਾਰ ਪੈਦਾ ਕਰਨ, ਗਾਹਕਾਂ ਦੇ ਅਨੁਭਵ, ਉਤਪਾਦਕਤਾ ਅਤੇ ਸਮਝ ਨੂੰ ਵਧਾ ਕੇ ਮਹੱਤਵਪੂਰਨ ਲਾਭ ਪ੍ਰਦਾਨ ਕਰ ਸਕਦੀ ਹੈ, ਪਰ ਇਸ ਵਿੱਚ ਕਾਫ਼ੀ ਜੋਖਮ ਵੀ ਸ਼ਾਮਲ ਹਨ। ਇਨ੍ਹਾਂ ਵਿੱਚ ਤੱਥਾਂ ਦੇ ਅਧਾਰ 'ਤੇ ਗਲਤ ਜਾਂ ਪੱਖਪਾਤੀ ਨਤੀਜੇ ਤਿਆਰ ਕਰਨਾ, ਬੌਧਿਕ ਸੰਪਤੀ ਅਤੇ ਕਾਪੀਰਾਈਟਾਂ ਦੀ ਉਲੰਘਣਾ ਕਰਨਾ, ਅਤੇ ਸਾਈਬਰ ਸੁਰੱਖਿਆ ਤੇ ਨਿੱਜਤਾ ਦੇ ਜੋਖਮ ਪੈਦਾ ਕਰਨਾ ਸ਼ਾਮਲ ਹਨ।

ਜੈਨਰੇਟਿਵ AI ਟੂਲਾਂ ਦੀ ਗਲਤ ਵਰਤੋਂ Gap Inc. ਦੇ ਬ੍ਰਾਂਡ, ਅਕਸ ਅਤੇ ਸ਼ਾਖ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ।

Gap Inc. ਵਿਖੇ, ਅਸੀਂ AI ਉਤਪਾਦਾਂ ਅਤੇ ਪ੍ਰਣਾਲੀਆਂ ਨੂੰ ਨੈਤਿਕ ਅਤੇ ਜ਼ਿੰਮੇਵਾਰਾਨਾ ਤਰੀਕੇ ਨਾਲ ਚਲਾਉਣ ਲਈ ਵਚਨਬੱਧ ਹਾਂ। ਸਾਰੇ ਕਰਮਚਾਰੀਆਂ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਉਨ੍ਹਾਂ ਦੇ AI ਨਤੀਜੇ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਕਰਨ ਵਾਲੇ, ਸਹੀ, ਸੱਚੇ ਅਤੇ ਉਨ੍ਹਾਂ ਦੇ ਨਿਰਧਾਰਿਤ ਸੰਦਰਭ ਦੇ ਅਨੁਕੂਲ ਹੋਣ।

**ਪ੍ਰਵਾਨਗੀ ਲਓ।** ਸਾਰੇ ਨਵੇਂ ਜੈਨਰੇਟਿਵ AI ਟੂਲਾਂ ਦੀ AI ਵਿਭਾਗ (Office of AI), ਦੁਆਰਾ ਜਾਂਚ ਅਤੇ ਮਨਜ਼ੂਰੀ ਹੋਣੀ ਲਾਜ਼ਮੀ ਹੈ, ਕਾਪੀਰਾਈਟ ਜਾਂ ਲਾਇਸੈਂਸ ਦੀ ਉਲੰਘਣਾ ਦੇ ਜੋਖਮ ਨੂੰ ਘੱਟ ਕਰਨ ਲਈ ਸੁਰੱਖਿਆ ਫੀਚਰ ਸਮਰਥ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਦੀ ਵਰਤੋਂ Gap ਈਮੇਲ ਪਤੇ ਅਤੇ Gap ਕ੍ਰੈਡੈਂਸ਼ੀਅਲਸ ਰਾਹੀਂ ਹੀ ਕੀਤੀ ਜਾਣੀ ਚਾਹੀਦੀ ਹੈ। ਹੋਰ ਜਾਣਕਾਰੀ ਲਈ AI ਐਪਲੀਕੇਸ਼ਨ ਬੇਨਤੀਆਂ ਅਤੇ ਸਮੀਖਿਆਵਾਂ ਦੇਖੋ।

**ਸਾਡੇ ਨਿਯਮਾਂ ਦੀ ਪਾਲਣਾ ਕਰੋ।** ਜੈਨਰੇਟਿਵ AI ਦੀ ਸਮੁੱਚੀ ਵਰਤੋਂ ਅਤੇ ਨਤੀਜੇ Gap Inc. ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਅਨੁਸਾਰ ਹੋਣੇ ਚਾਹੀਦੇ ਹਨ, ਇਨ੍ਹਾਂ ਦੀ ਸ਼ੁੱਧਤਾ ਅਤੇ ਪੱਖਪਾਤ ਲਈ ਜਾਂਚ ਕੀਤੀ ਜਾਣੀ ਚਾਹੀਦੀ ਹੈ, ਗਾਹਕਾਂ ਅਤੇ ਕਰਮਚਾਰੀਆਂ ਦੋਵਾਂ ਦੇ ਡਾਟਾ ਲਈ ਭੇਦਭਾਵ, ਹੇਰਾਫੇਰੀ ਅਤੇ ਨਿੱਜਤਾ ਤੇ ਸੁਰੱਖਿਆ ਦੀ ਉਲੰਘਣਾ ਤੋਂ ਬਚਿਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਕਨੂੰਨੀ ਕਾਰੋਬਾਰੀ ਉਦੇਸ਼ ਅਤੇ ਨੈਤਿਕ ਇਰਾਦਾ ਹੋਣਾ ਚਾਹੀਦਾ ਹੈ। ਕਾਰੋਬਾਰ ਦੀ ਗੁਪਤ ਜਾਣਕਾਰੀ ਸਿਰਫ਼ Gap-ਮਨਜ਼ੂਰਸ਼ੁਦਾ AI ਟੂਲਾਂ ਵਿੱਚ ਹੀ ਦਰਜ ਕੀਤੀ ਜਾ ਸਕਦੀ ਹੈ। ਕਿਸੇ ਵੀ AI ਟੂਲ ਵਿੱਚ ਨਿੱਜੀ ਜਾਣਕਾਰੀ ਅਤੇ ਸੰਵੇਦਨਸ਼ੀਲ ਨਿੱਜੀ ਜਾਣਕਾਰੀ ਦਰਜ ਕਰਨ ਦੀ ਸਖ਼ਤ ਮਨਾਹੀ ਹੈ, ਭਾਵੇਂ ਉਹ Gap-ਮਨਜ਼ੂਰਸ਼ੁਦਾ ਹੀ ਕਿਉਂ ਨਾ ਹੋਵੇ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਹਾਡੇ ਕੋਲ ਜੈਨਰੇਟਿਵ AI ਟੂਲਾਂ ਦੀ ਵਰਤੋਂ ਬਾਰੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਜਾਂ ਕਨੂੰਨ ਜਾਂ ਸਾਡੀਆਂ ਨੀਤੀਆਂ ਦੀ ਉਲੰਘਣਾ ਹੋਣ ਦਾ ਸ਼ੱਕ ਹੈ, ਤਾਂ ਆਪਣੇ ਮੈਨੇਜਰ, AI ਵਿਭਾਗ (Office of AI) ਜਾਂ ਹੋਰ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਨਾਲ ਸੰਪਰਕ ਕਰੋ।

ਹੋਰ ਵੇਰਵਿਆਂ ਲਈ, ਇਸਦਾ ਹਵਾਲਾ ਲਓ: ਜੈਨਰੇਟਿਵ AI ਵਰਤੋਂ ਨੀਤੀ

# ਉਤਪਾਦ ਦੀ ਗੁਣਵੱਤਾ ਅਤੇ ਭਰੋਸੇਯੋਗਤਾ

## ਇਹ ਕਿਉਂ ਮਹੱਤਵਪੂਰਨ ਹੈ।

ਮਸ਼ਹੂਰ ਅਮਰੀਕੀ ਬ੍ਰਾਂਡਾਂ ਦੇ ਇੱਕ ਘਰ ਵਜੋਂ, Gap Inc. ਅਮਰੀਕੀ ਸ਼ੈਲੀ ਦੇ ਸਭ ਤੋਂ ਵਧੀਆ ਰੂਪ ਨੂੰ ਪੇਸ਼ ਕਰਦੀ ਹੈ, ਅਤੇ ਅਸੀਂ ਲੋਕਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦੇ ਹਾਂ। ਸਾਡੇ ਸਖ਼ਤ ਅੰਦਰੂਨੀ ਗੁਣਵੱਤਾ ਨਿਯੰਤਰਣ ਇਹ ਯਕੀਨੀ ਬਣਾਉਂਦੇ ਹਨ ਕਿ ਅਸੀਂ ਉੱਚ-ਗੁਣਵੱਤਾ ਵਾਲੇ ਉਤਪਾਦ ਤਿਆਰ ਕਰੀਏ ਜੋ ਇੱਕ ਉੱਚ ਪੱਧਰ 'ਤੇ ਅਤੇ ਸਾਰੇ ਲਾਗੂ ਕਨੂੰਨਾਂ ਦੀ ਪਾਲਣਾ ਕਰਦੇ ਹੋਏ ਬਣਾਏ, ਪਰਖੇ, ਪੈਕ ਅਤੇ ਲੇਬਲ ਕੀਤੇ ਗਏ ਹੋਣ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਦ੍ਰਿੜ੍ਹਤਾ ਨਾਲ ਕੰਮ ਕਰੋ।** ਹਰ ਸਮੇਂ Gap Inc. ਦੇ ਉੱਚ ਮਿਆਰਾਂ ਨੂੰ ਬਰਕਰਾਰ ਰੱਖੋ।

**ਕੁਝ ਬਿਹਤਰ ਕਰਨ ਦੀ ਕਲਪਨਾ ਕਰੋ।** ਅੱਗੇ ਕੀ ਹੋਣ ਵਾਲਾ ਹੈ ਉਸਦਾ ਅੰਦਾਜ਼ਾ ਲਗਾਉਣ ਲਈ ਸੂਝ ਦੀ ਵਰਤੋਂ ਕਰੋ, ਨਵੇਂ ਵਿਚਾਰਾਂ ਨੂੰ ਅਜ਼ਮਾਓ ਅਤੇ ਹਮੇਸ਼ਾਂ ਸਾਡੇ ਉਤਪਾਦਾਂ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰੋ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਹਾਨੂੰ ਸਾਡੇ ਕਿਸੇ ਉਤਪਾਦ ਵਿੱਚ ਗੁਣਵੱਤਾ ਸੰਬੰਧੀ ਕੋਈ ਸਮੱਸਿਆ ਹੋਣ ਦਾ ਸ਼ੱਕ ਹੈ, ਤਾਂ ਆਪਣੇ ਮੈਨੇਜਰ ਜਾਂ ਹੋਰ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਕੋਲ ਚਿੰਤਾ ਜ਼ਾਹਰ ਕਰੋ।



# ਸਵਾਲ ਅਤੇ ਜਵਾਬ

ਸਵਾਲ: ਮੈਂ ਇੱਕ ਨਵੇਂ ਸੈਂਪਲ ਵਿੱਚ ਕੁਝ ਗੁਣਵੱਤਾ ਸੰਬੰਧੀ ਸਮੱਸਿਆਵਾਂ ਦੇਖੀਆਂ ਹਨ, ਪਰ ਮੇਰੇ ਮੈਨੇਜਰ ਇਸ ਨਵੇਂ ਉਤਪਾਦ ਨੂੰ ਪੇਸ਼ ਕਰਨ ਲਈ ਅੱਗੇ ਵਧਣ ਵਿੱਚ ਬਹੁਤ ਦਿਲਚਸਪੀ ਰੱਖਦੇ ਹਨ। ਕੀ ਮੈਨੂੰ ਚੁੱਪ ਰਹਿਣਾ ਚਾਹੀਦਾ ਹੈ?

ਜਵਾਬ: ਨਹੀਂ। ਜੇਕਰ ਤੁਸੀਂ ਗੁਣਵੱਤਾ ਸੰਬੰਧੀ ਸਮੱਸਿਆਵਾਂ ਦੇਖਦੇ ਹੋ, ਤਾਂ ਆਪਣੀ ਆਵਾਜ਼ ਉਠਾਓ ਅਤੇ ਆਪਣੀਆਂ ਚਿੰਤਾਵਾਂ ਦੀ ਰਿਪੋਰਟ ਕਰੋ। ਜੇਕਰ ਤੁਸੀਂ ਆਪਣੇ ਮੈਨੇਜਰ ਨਾਲ ਗੱਲ ਕਰਨ ਵਿੱਚ ਸਹਿਜ ਮਹਿਸੂਸ ਨਹੀਂ ਕਰਦੇ, ਤਾਂ ਸਾਡੀ ਖੁੱਲ੍ਹੇ ਸੰਵਾਦ ਦੀ ਨੀਤੀ ਦੀ ਪਾਲਣਾ ਕਰੋ ਜਾਂ ਹੋਰ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰੋ।

# ਆਡਿਟ ਅਤੇ ਸਰਕਾਰੀ ਜਾਂਚਾਂ




## ਇਹ ਕਿਉਂ ਮਹੱਤਵਪੂਰਨ ਹੈ।

ਸਾਡਾ ਇਮਾਨਦਾਰੀ ਦਾ ਸੱਭਿਆਚਾਰ ਸਾਡੇ ਸਾਰੇ ਹਿੱਸੇਦਾਰਾਂ (ਸਟੇਕਹੋਲਡਰਾਂ) ਨੂੰ ਸੱਚੀ ਜਾਣਕਾਰੀ ਪ੍ਰਦਾਨ ਕਰਨ 'ਤੇ ਨਿਰਭਰ ਕਰਦਾ ਹੈ। ਇਸਦਾ ਅਰਥ ਹੈ ਕਨੂੰਨੀ ਆਡਿਟ, ਨਿਰੀਖਣਾਂ ਅਤੇ ਜਾਂਚਾਂ ਵਿੱਚ ਪੂਰੀ ਤਰ੍ਹਾਂ ਅਤੇ ਇਮਾਨਦਾਰੀ ਨਾਲ ਸਹਿਯੋਗ ਕਰਨਾ, ਚਾਹੇ ਉਹ Gap Inc., ਨਿਰਧਾਰਿਤ ਬਾਹਰੀ ਤੀਜੀ ਧਿਰ ਜਾਂ ਕਿਸੇ ਸਰਕਾਰੀ ਸੰਸਥਾ ਦੁਆਰਾ ਕੀਤੀਆਂ ਜਾ ਰਹੀਆਂ ਹੋਣ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਬੇਨਤੀਆਂ ਵਿੱਚ ਸਹਿਯੋਗ ਕਰੋ।** ਸਾਡਾ ਅੰਦਰੂਨੀ ਆਡਿਟ ਵਿਭਾਗ ਪ੍ਰਭਾਵਸ਼ਾਲੀ ਅੰਦਰੂਨੀ ਨਿਯੰਤਰਣਾਂ ਨੂੰ ਲਾਗੂ ਕਰਨ, ਭਰੋਸੇਯੋਗ ਵਿੱਤੀ ਰਿਪੋਰਟਿੰਗ ਅਤੇ Gap Inc. ਦੀਆਂ ਸੰਪਤੀਆਂ ਦੀ ਸੁਰੱਖਿਆ ਅਤੇ ਉਚਿਤ ਵਰਤੋਂ ਵਿੱਚ ਸਹਾਇਤਾ ਕਰਦਾ ਹੈ। ਤੁਹਾਡੇ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਤੁਸੀਂ ਲੋੜ ਅਨੁਸਾਰ ਹਿੱਸਾ ਲਓ ਅਤੇ ਅੰਦਰੂਨੀ ਆਡਿਟ ਟੀਮ ਨਾਲ ਸਹਿਯੋਗ ਕਰੋ ਕਿਉਂਕਿ ਉਹ ਸਾਡੇ ਵਿਸ਼ਵਵਿਆਪੀ ਕਾਰਜਾਂ ਦੀ ਪਾਲਣਾ, ਭਰੋਸਾ ਅਤੇ ਸਲਾਹਕਾਰੀ ਸਮੀਖਿਆਵਾਂ ਕਰਦੇ ਹਨ।

ਜੇਕਰ ਕਨੂੰਨੀ ਵਿਭਾਗ ਕਿਸੇ ਸਰਕਾਰੀ ਬੇਨਤੀ ਜਾਂ ਜਾਂਚ ਵਿੱਚ ਤੁਹਾਡੀ ਸਹਾਇਤਾ ਮੰਗਦਾ ਹੈ, ਤਾਂ ਸੱਚੇ ਰਹੋ ਅਤੇ ਲੋੜ ਅਨੁਸਾਰ ਸਹਿਯੋਗ ਕਰੋ। ਜੇਕਰ ਕਿਸੇ ਸਰਕਾਰੀ ਏਜੰਸੀ ਦਾ ਕੋਈ ਪ੍ਰਤੀਨਿਧੀ ਤੁਹਾਨੂੰ ਕੰਪਨੀ ਦੀ ਜਾਣਕਾਰੀ ਪ੍ਰਦਾਨ ਕਰਨ ਲਈ ਕਹਿੰਦਾ ਹੈ, ਤਾਂ ਜਵਾਬ ਦੇਣ ਤੋਂ ਪਹਿਲਾਂ ਕਨੂੰਨੀ ਵਿਭਾਗ ਨਾਲ ਸੰਪਰਕ ਕਰੋ।

ਸਾਰੇ ਮਾਮਲਿਆਂ ਵਿੱਚ, Gap Inc. ਦੇ ਰਿਕਾਰਡਾਂ ਅਤੇ ਜਾਣਕਾਰੀ ਦੇ ਆਡਿਟ ਜਾਂ ਸਮੀਖਿਆ ਵਿੱਚ ਲੱਗੇ ਕਿਸੇ ਵੀ ਆਡੀਟਰ ਨੂੰ ਮਜਬੂਰ ਜਾਂ ਗੁਮਰਾਹ ਨਾ ਕਰੋ, ਅਤੇ ਨਤੀਜੇ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਵਿੱਚ ਕਦੇ ਵੀ ਕੋਈ ਕੀਮਤੀ ਚੀਜ਼ ਨਾ ਦਿਓ, ਪੇਸ਼ ਨਾ ਕਰੋ ਜਾਂ ਉਸਦਾ ਵਾਅਦਾ ਨਾ ਕਰੋ।

**ਕਾਰਵਾਈ ਕਰੋ।** ਜੇਕਰ ਕੋਈ ਸਰਕਾਰੀ ਅਧਿਕਾਰੀ ਤੁਹਾਡੇ ਨਾਲ ਸੰਪਰਕ ਕਰਦਾ ਹੈ ਜਾਂ ਕੰਪਨੀ ਨਾਲ ਸੰਬੰਧਿਤ ਕਿਸੇ ਸਰਕਾਰੀ ਸ਼ਿਕਾਇਤ ਬਾਰੇ ਤੁਹਾਡੇ ਨਾਲ ਸੰਪਰਕ ਕੀਤਾ ਜਾਂਦਾ ਹੈ, ਤਾਂ ਤੁਰੰਤ ਕਨੂੰਨੀ ਵਿਭਾਗ ਜਾਂ COBC ਆਪਣੀ ਆਵਾਜ਼ ਅਠਾਓ (Speak Up) ਹੌਟਲਾਈਨ ਨਾਲ ਸੰਪਰਕ ਕਰੋ। ਨੋਟ ਕਰੋ ਕਿ Gap Inc. ਸਰਕਾਰ ਨੂੰ ਕੀਤੀ ਗਈ ਕਿਸੇ ਵੀ ਰਿਪੋਰਟ ਨੂੰ ਗੰਭੀਰਤਾ ਨਾਲ ਲੈਂਦੀ ਹੈ ਅਤੇ ਕਿਸੇ ਸਰਕਾਰੀ ਏਜੰਸੀ ਨੂੰ ਰਿਪੋਰਟ ਕਰਨ ਵਾਲੇ ਕਿਸੇ ਵੀ ਵਿਅਕਤੀ ਦੇ ਖਿਲਾਫ ਬਦਲਾਖੋਰੀ ਨੂੰ ਬਰਦਾਸ਼ਤ ਨਹੀਂ ਕਰੇਗੀ।

## ਸਵਾਲ ਅਤੇ ਜਵਾਬ

ਸਵਾਲ: ਮੈਨੂੰ ਅਜੇ ਇੱਕ ਸੁਨੇਹਾ ਮਿਲਿਆ ਹੈ ਕਿ ਕੰਪਨੀ ਦੇ ਖਿਲਾਫ ਇੱਕ ਸਰਕਾਰੀ ਸ਼ਿਕਾਇਤ ਦਰਜ ਕੀਤੀ ਗਈ ਹੈ ਜਿਸ ਵਿੱਚ ਮੈਨੂੰ ਇੱਕ ਗਵਾਹ ਵਜੋਂ ਨਾਮਜ਼ਦ ਕੀਤਾ ਗਿਆ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?

ਜਵਾਬ: ਜੇਕਰ ਤੁਹਾਨੂੰ ਕੋਈ ਨੋਟਿਸ ਮਿਲਦਾ ਹੈ ਕਿ ਕੰਪਨੀ ਦੇ ਖਿਲਾਫ ਕੋਈ ਸਰਕਾਰੀ ਸ਼ਿਕਾਇਤ ਦਰਜ ਕੀਤੀ ਗਈ ਹੈ, ਤਾਂ ਤੁਰੰਤ ਕਨੂੰਨੀ ਵਿਭਾਗ ਨਾਲ ਸੰਪਰਕ ਕਰੋ ਅਤੇ ਤੁਹਾਡੇ ਕੋਲ ਮੌਜੂਦ ਜਾਣਕਾਰੀ ਪ੍ਰਦਾਨ ਕਰੋ।

# ਰਾਜਨੀਤੀ



ਇਹ ਕਿਉਂ ਮਹੱਤਵਪੂਰਨ ਹੈ।*
Gap Inc. ਰਾਜਨੀਤਿਕ ਅਤੇ ਰੈਗੂਲੇਟਰੀ ਪ੍ਰਕਿਰਿਆਵਾਂ ਵਿੱਚ ਹਿੱਸਾ ਲੈਂਦੀ ਹੈ ਅਤੇ ਸਾਡੇ ਕਾਰੋਬਾਰ ਅਤੇ ਭਾਈਚਾਰਕ ਹਿੱਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਕਨੂੰਨ ਬਣਾਉਣ ਦੀ ਵਕਾਲਤ ਕਰਦੀ ਹੈ। ਇਹ ਅਜਿਹੇ ਤਰੀਕੇ ਨਾਲ ਕੀਤਾ ਜਾਂਦਾ ਹੈ ਜੋ ਸਾਡੀਆਂ ਕਦਰਾਂ-ਕੀਮਤਾਂ, ਕਨੂੰਨੀ ਜ਼ਿੰਮੇਵਾਰੀਆਂ, ਇਸ COBC ਅਤੇ Gap Inc. ਦੇ ਕੋਡ ਆਫ਼ ਵੈਂਡਰ ਕੰਡਕਟ ਦੇ ਅਨੁਕੂਲ ਹੋਵੇ।

Gap Inc. ਇਹ ਵੀ ਸਮਝਦੀ ਹੈ ਕਿ ਤੁਸੀਂ ਨਿੱਜੀ ਮਹੱਤਵ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਮੁੱਦਿਆਂ 'ਤੇ ਮਜ਼ਬੂਤ ਵਿਚਾਰ ਰੱਖ ਸਕਦੇ ਹੋ। ਜੇਕਰ ਤੁਸੀਂ ਚਾਹੋ, ਤਾਂ ਤੁਹਾਨੂੰ ਕੰਮ ਦੇ ਘੰਟਿਆਂ ਤੋਂ ਬਾਹਰ ਰਾਜਨੀਤਿਕ ਪ੍ਰਕਿਰਿਆ ਵਿੱਚ ਰਚਨਾਤਮਕ ਅਤੇ ਜ਼ਿੰਮੇਵਾਰੀ ਨਾਲ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਸ਼ਾਮਲ ਹੋਵੋ।** ਜੇਕਰ ਤੁਸੀਂ ਚਾਹੋ, ਤਾਂ ਆਪਣੇ ਭਾਈਚਾਰੇ ਨਾਲ ਜੁੜੋ ਅਤੇ ਉਨ੍ਹਾਂ ਮੁੱਦਿਆਂ 'ਤੇ ਕੰਮ ਕਰੋ ਜੋ ਤੁਹਾਡੇ ਲਈ ਮਹੱਤਵਪੂਰਨ ਹਨ, ਪਰ ਇਹ ਯਕੀਨੀ ਬਣਾਓ ਕਿ ਕਦੇ ਵੀ ਅਜਿਹਾ ਸੰਕੇਤ ਜਾਂ ਇਸ਼ਾਰਾ ਨਾ ਮਿਲੇ ਕਿ ਤੁਸੀਂ Gap Inc. ਵੱਲੋਂ ਬੋਲ ਰਹੇ ਹੋ ਜਾਂ ਕੰਮ ਕਰ ਰਹੇ ਹੋ ਜਾਂ Gap Inc. ਤੁਹਾਡੇ ਨਿੱਜੀ ਰਾਜਨੀਤਿਕ ਵਿਚਾਰਾਂ ਦਾ ਸਮਰਥਨ ਕਰਦੀ ਹੈ।

ਕੰਪਨੀ ਵੱਲੋਂ ਕੀਤੀ ਜਾਣ ਵਾਲੀ ਸਾਰੀ ਰਾਜਨੀਤਿਕ ਗਤੀਵਿਧੀ, ਜਿਸ ਵਿੱਚ ਲਾਬਿੰਗ ਵੀ ਸ਼ਾਮਲ ਹੈ, ਸਰਕਾਰੀ ਮਾਮਲਿਆਂ ਦੇ ਵਿਭਾਗ ਦੁਆਰਾ ਪਹਿਲਾਂ ਤੋਂ ਮਨਜ਼ੂਰਸ਼ੁਦਾ ਹੋਣੀ ਚਾਹੀਦੀ ਹੈ।

**ਆਪਣੇ ਸਮੇਂ ਅਤੇ ਸਰੋਤਾਂ ਦੀ ਵਰਤੋਂ ਕਰੋ।** ਤੁਹਾਡੀਆਂ ਨਿੱਜੀ ਰਾਜਨੀਤਿਕ ਗਤੀਵਿਧੀਆਂ ਅਤੇ ਕਿਸੇ ਵੀ ਰਾਜਨੀਤਿਕ ਉਮੀਦਵਾਰ ਜਾਂ ਪਾਰਟੀ ਲਈ ਸਮਰਥਨ ਤੁਹਾਡੇ ਆਪਣੇ ਸਮੇਂ ਅਤੇ ਤੁਹਾਡੇ ਆਪਣੇ ਸਰੋਤਾਂ ਨਾਲ ਹੋਣਾ ਚਾਹੀਦਾ ਹੈ।

**GAP INC. ਗੁੱਡ ਗਵਰਨਮੈਂਟ ਫੰਡ (GAP GGF)।**
Gap GGF ਇੱਕ ਸਵੈ-ਇੱਛੁਕ, ਦੋ-ਪੱਖੀ ਰਾਜਨੀਤਿਕ ਕਾਰਵਾਈ ਕਮੇਟੀ ਹੈ ਜੋ ਯੋਗ ਕਰਮਚਾਰੀਆਂ ਨੂੰ Gap Inc. ਦੇ ਸਾਂਝੇ ਉਦੇਸ਼ਾਂ ਅਤੇ ਸਾਡੀ ਸਰਕਾਰੀ ਮਾਮਲਿਆਂ ਦੀ ਟੀਮ ਦੇ ਯਤਨਾਂ ਦਾ ਸਮਰਥਨ ਕਰਨ ਲਈ ਸਮੂਹਿਕ ਤੌਰ 'ਤੇ ਯੋਗਦਾਨ ਪਾਉਣ ਦੀ ਇਜਾਜ਼ਤ ਦਿੰਦੀ ਹੈ। Gap GGF ਦੇ ਸਾਰੇ ਯੋਗਦਾਨ ਰਾਜਨੀਤਿਕ ਕਾਰਵਾਈ ਕਮੇਟੀਆਂ ਨੂੰ ਨਿਯੰਤਰਿਤ ਕਰਨ ਵਾਲੇ U.S. ਕਨੂੰਨਾਂ ਅਤੇ ਨਿਯਮਾਂ ਦੇ ਅਨੁਸਾਰ ਕੀਤੇ ਜਾਂਦੇ ਹਨ।

ਤੁਹਾਨੂੰ Gap Inc. ਵੱਲੋਂ ਕਿਸੇ ਵੀ ਰਾਜਨੀਤਿਕ ਉਮੀਦਵਾਰ ਨੂੰ ਸਿੱਧਾ ਵਿੱਤੀ ਯੋਗਦਾਨ ਪਾਉਣ ਦੀ ਇਜਾਜ਼ਤ ਨਹੀਂ ਹੈ।

ਹੋਰ ਵੇਰਵਿਆਂ ਲਈ, ਇਸਦਾ ਹਵਾਲਾ ਲਓ: Gap GGF ਬ੍ਰੈਂਡ ਪੇਜ

## ਸਵਾਲ ਅਤੇ ਜਵਾਬ

ਸਵਾਲ: ਮੈਂ ਅੱਜ ਕੰਮ ਤੋਂ ਬਾਅਦ ਰਾਜਨੀਤਿਕ ਉਮੀਦਵਾਰ ਦੀ ਰੈਲੀ ਵਿੱਚ ਜਾ ਰਿਹਾ/ਰਹੀ ਹਾਂ, ਅਤੇ ਮੈਨੂੰ ਸਮਾਗਮ ਦੌਰਾਨ ਵੰਡਣ ਲਈ ਇੱਕ ਫਲਾਇਰ ਦੀਆਂ ਕੁਝ ਦਰਜਨ ਕਾਪੀਆਂ ਬਣਾਉਣ ਦੀ ਲੋੜ ਹੈ। ਮੈਂ ਇਹ ਕਾਪੀਆਂ ਬਣਾਉਣ ਲਈ ਆਪਣੇ ਕੰਮ ਵਾਲੀ ਥਾਂ 'ਤੇ ਮੌਜੂਦ ਕਾਪੀ ਮਸ਼ੀਨ ਅਤੇ ਕਾਗਜ਼ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਿਹਾ/ਰਹੀ ਹਾਂ। ਕੀ ਅਜਿਹਾ ਕਰਨਾ ਠੀਕ ਹੈ?

ਜਵਾਬ: ਨਹੀਂ। ਤੁਹਾਨੂੰ ਨਿੱਜੀ ਰਾਜਨੀਤਿਕ ਗਤੀਵਿਧੀਆਂ ਲਈ Gap Inc. ਦੇ ਸਰੋਤਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੈ, ਅਤੇ ਰਾਜਨੀਤਿਕ ਗਤੀਵਿਧੀਆਂ 'ਤੇ ਬਿਤਾਇਆ ਗਿਆ ਸਮਾਂ ਤੁਹਾਡਾ ਆਪਣਾ ਨਿੱਜੀ ਸਮਾਂ ਹੋਣਾ ਚਾਹੀਦਾ ਹੈ।

# ਮਨੁੱਖੀ ਅਧਿਕਾਰ



## ਇਹ ਕਿਉਂ ਮਹੱਤਵਪੂਰਨ ਹੈ।

Gap Inc. ਵਿਖੇ, ਸਾਡਾ ਮੰਨਣਾ ਹੈ ਕਿ ਸਾਰੇ ਲੋਕ ਸਤਿਕਾਰ ਅਤੇ ਮਾਣ-ਸਨਮਾਨ ਦੇ ਹੱਕਦਾਰ ਹਨ। ਅਸੀਂ ਸਾਰੇ ਲਾਗੂ ਰੁਜ਼ਗਾਰ ਕਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਦੇ ਹਾਂ, ਅਤੇ ਕਾਰੋਬਾਰੀ ਟੀਚਿਆਂ ਨੂੰ ਪ੍ਰਾਪਤ ਕਰਨ ਸਮੇਂ ਅਸੀਂ ਹਮੇਸ਼ਾਂ ਦੁਨੀਆ ਭਰ ਦੇ ਭਾਈਚਾਰਿਆਂ ਅਤੇ ਕਰਮਚਾਰੀਆਂ 'ਤੇ ਆਪਣੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਦੇ ਹਾਂ।

## ਤੁਹਾਡੀਆਂ ਜ਼ਿੰਮੇਵਾਰੀਆਂ।

**ਕਨੂੰਨ ਦੀ ਪਾਲਣਾ ਕਰੋ।** ਅਸੀਂ ਸਾਰੇ ਲਾਗੂ ਕਿਰਤ ਨਿਯਮਾਂ ਅਤੇ ਕਨੂੰਨਾਂ ਦੀ ਪਾਲਣਾ ਕਰਦੇ ਹਾਂ, ਜਿਨ੍ਹਾਂ ਵਿੱਚ ਘੱਟੋ-ਘੱਟ ਮਜ਼ਦੂਰੀ, ਓਵਰਟਾਈਮ ਭੁਗਤਾਨ ਦੀਆਂ ਲੋੜਾਂ, ਖਾਣੇ ਦਾ ਸਮਾਂ, ਆਰਾਮ ਦਾ ਸਮਾਂ ਅਤੇ ਛੁੱਟੀ ਦਾ ਸਮਾਂ ਸ਼ਾਮਲ ਹਨ। ਅਸੀਂ ਜਬਰਨ ਮਜ਼ਦੂਰੀ, ਗੁਲਾਮੀ, ਬਾਲ ਮਜ਼ਦੂਰੀ ਜਾਂ ਮਨੁੱਖੀ ਤਸਕਰੀ ਵਿੱਚ ਨਾ ਤਾਂ ਸ਼ਾਮਲ ਹੁੰਦੇ ਹਾਂ ਅਤੇ ਨਾ ਹੀ ਇਸਦਾ ਸਮਰਥਨ ਕਰਦੇ ਹਾਂ।

**ਵਿਕਰੇਤਾਵਾਂ ਅਤੇ ਤੀਜੀਆਂ ਧਿਰਾਂ ਨੂੰ ਜਵਾਬਦੇਹ ਬਣਾਓ।** ਅਸੀਂ ਆਪਣੇ ਵਿਕਰੇਤਾਵਾਂ, ਤੀਜੀਆਂ ਧਿਰਾਂ ਅਤੇ ਸਪਲਾਇਰਾਂ ਤੋਂ ਉਮੀਦ ਕਰਦੇ ਹਾਂ ਕਿ ਉਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਖਿਲਾਫ ਸਰਗਰਮ ਰੂਪ ਵਿੱਚ ਸੁਰੱਖਿਆ ਕਰਨ, ਲਾਗੂ ਕਿਰਤ ਨਿਯਮਾਂ ਨੂੰ ਬਰਕਰਾਰ ਰੱਖਣ ਅਤੇ ਸਾਡੇ Gap Inc. ਕੋਡ ਆਫ਼ ਵੈਂਡਰ ਕੰਡਕਟ ਦੀ ਪਾਲਣਾ ਕਰਨ।

**ਆਪਣੀ ਆਵਾਜ਼ ਉਠਾਓ (SPEAK UP)।** ਜੇਕਰ ਤੁਹਾਡੇ ਕੋਲ ਮਨੁੱਖੀ ਅਧਿਕਾਰਾਂ ਦੇ ਮਿਆਰਾਂ ਬਾਰੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਆਪਣੇ ਮੈਨੇਜਰ, ਹਿਊਮਨ ਰਿਸੋਰਸਿਜ਼ ਜਾਂ ਕਿਸੇ ਹੋਰ ਆਪਣੀ ਆਵਾਜ਼ ਉਠਾਓ (Speak Up) ਸਰੋਤ ਤੋਂ ਮਾਰਗਦਰਸ਼ਨ ਲਓ।

ਹੋਰ ਵੇਰਵਿਆਂ ਲਈ, ਇਨ੍ਹਾਂ ਦਾ ਹਵਾਲਾ ਲਓ:
ਸਪਲਾਈ ਚੇਨ ਸਟੇਟਮੈਂਟ ਆਫ਼ ਕੰਪਲਾਇੰਸ
Gap, Inc. ਮਨੁੱਖੀ ਅਧਿਕਾਰ ਨੀਤੀ
ਸਾਡੀ ਸਪਲਾਈ ਚੇਨ ਵਿੱਚ ਮਨੁੱਖੀ ਅਧਿਕਾਰ ਅਤੇ ਕਿਰਤ ਦੇ ਮੁੱਦੇ
ਕੋਡ ਆਫ਼ ਵੈਂਡਰ ਕੰਡਕਟ

## ਸਵਾਲ ਅਤੇ ਜਵਾਬ

ਸਵਾਲ: ਸਪਲਾਇਰ ਦੀ ਨਿਰਮਾਣ ਇਕਾਈ (ਮੈਨੁਫੈਕਚਰਿੰਗ ਫੈਸਿਲਿਟੀ) ਦੇ ਹਾਲ ਹੀ ਦੇ ਦੌਰੇ ਦੌਰਾਨ, ਮੈਂ ਦੇਖਿਆ ਕਿ ਕੁਝ ਕਰਮਚਾਰੀ ਬਹੁਤ ਛੋਟੀ ਉਮਰ ਦੇ ਲੱਗ ਰਹੇ ਸਨ। ਕਿਉਂਕਿ ਅਸੀਂ ਇਸ ਇਕਾਈ (ਫੈਸਿਲਿਟੀ) ਨੂੰ ਨਹੀਂ ਚਲਾਉਂਦੇ ਹਾਂ, ਕੀ ਅਜਿਹਾ ਕੁਝ ਹੈ ਜੋ ਮੈਂ ਕਰ ਸਕਦਾ/ਸਕਦੀ ਹਾਂ?

ਜਵਾਬ: ਹਾਂ। ਅਸੀਂ ਉਨ੍ਹਾਂ ਤੀਜੀ ਧਿਰਾਂ ਤੋਂ ਉਮੀਦ ਕਰਦੇ ਹਾਂ ਜਿਨ੍ਹਾਂ ਨਾਲ ਅਸੀਂ ਕਾਰੋਬਾਰ ਕਰਦੇ ਹਾਂ ਕਿ ਉਹ ਅਜਿਹੇ ਕਿਰਤ ਮਿਆਰਾਂ ਨੂੰ ਬਰਕਰਾਰ ਰੱਖਣ ਜੋ ਲਾਗੂ ਕਨੂੰਨ ਦੇ ਨਾਲ-ਨਾਲ ਸਾਡੇ ਕੋਡ ਆਫ਼ ਵੈਂਡਰ ਕੰਡਕਟ ਦੇ ਅਨੁਕੂਲ ਹੋਣ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੋਈ ਸਮੱਸਿਆ ਹੋ ਸਕਦੀ ਹੈ, ਤਾਂ ਤੁਹਾਨੂੰ ਆਪਣੇ ਮੈਨੇਜਰ ਜਾਂ ਹੋਰ ਆਪਣੀ ਆਵਾਜ਼ ਉਠਾਓ (Speak Up) ਸਰੋਤਾਂ ਵਿੱਚੋਂ ਕਿਸੇ ਇੱਕ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਸਰੋਤ

ਭ੍ਰਿਸ਼ਟਾਚਾਰ-ਵਿਰੋਧੀ ਅਤੇ ਰਿਸ਼ਵਤਖੋਰੀ-ਵਿਰੋਧੀ
ਬ੍ਰਾਂਡ ਸੁਰੱਖਿਆ ਅਤੇ ਨਕਲੀ ਉਤਪਾਦ
ਕੋਡ ਆਫ਼ ਵੈਂਡਰ ਕੰਡਕਟ
ਮੁਕਾਬਲੇ ਦਾ ਕਨੂੰਨ
ਕਾਨਫ਼ਰੰਸ ਅਤੇ ਤੀਜੀ-ਧਿਰ ਦੀ ਸਿਖਲਾਈ
ਹਿੱਤਾਂ ਦਾ ਟਕਰਾਅ
ਗੁਪਤ ਜਾਣਕਾਰੀ
ਕਾਰਪੋਰੇਟ ਰਿਕਾਰਡ ਅਤੇ ਜਾਣਕਾਰੀ ਪ੍ਰਬੰਧਨ (RIM)
ਡਾਟਾ ਸੁਰੱਖਿਆ ਨੀਤੀ ਅਤੇ ਅਭਿਆਸ ਗਾਈਡ
ਖੁਲਾਸਾ
ਇਲੈਕਟ੍ਰਾਨਿਕ ਸੰਚਾਰ ਅਤੇ ਸੋਸ਼ਲ ਮੀਡੀਆ ਨੀਤੀ
ਬਾਹਰੀ ਭਾਸ਼ਣ (ਐਕਸਟਰਨਲ ਸਪੀਕਿੰਗ)
ਜੈਨਰੇਟਿਵ AI ਦੀ ਵਰਤੋਂ
ਤੋਹਫ਼ੇ ਅਤੇ ਮਨੋਰੰਜਨ
ਜਾਣਕਾਰੀ ਸੁਰੱਖਿਆ
ਇਨਸਾਈਡਰ ਟਰੇਡਿੰਗ
ਮੀਡੀਆ ਅਤੇ ਗੈਰ-ਪਰੰਪਰਾਗਤ ਮੀਡੀਆ ਦਿਸ਼ਾ-ਨਿਰਦੇਸ਼
ਖੁੱਲ੍ਹਾ ਸੰਵਾਦ
ਓਪਨ ਸੋਰਸ ਸਾਫ਼ਟਵੇਅਰ
ਸੈਂਪਲ ਅਤੇ ਫਿਕਸਚਰ ਪ੍ਰਬੰਧਨ
ਪਾਬੰਦੀਆਂ ਦੀ ਪਾਲਣਾ
ਕੰਮ ਵਾਲੀ ਥਾਂ 'ਤੇ ਹਿੰਸਾ ਦੀ ਰੋਕਥਾਮ
ਜ਼ੀਰੋ ਮਤਲਬ ਜ਼ੀਰੋ: ਕੋਈ ਵਿਤਕਰਾ ਜਾਂ ਪਰੇਸ਼ਾਨੀ ਨਹੀਂ
ਬਦਲੇਖੋਰੀ ਦੀ ਕੋਈ ਗੁੰਜਾਇਸ਼ ਨਹੀਂ

ਹੋਰ ਜਾਣਕਾਰੀ, ਸਰੋਤਾਂ ਅਤੇ ਕੰਪਨੀ ਦੀਆਂ ਨੀਤੀਆਂ ਲਈ, ਕਰਮਚਾਰੀ ਸਰੋਤ ਕੇਂਦਰ 'ਤੇ ਜਾਓ।

**ਛੋਟ।** ਇਸ COBC ਦੇ ਪ੍ਰਾਵਧਾਨਾਂ ਨੂੰ ਸਿਰਫ਼ Gap Inc. ਦੇ ਮੁੱਖ ਕਨੂੰਨੀ ਅਤੇ ਪਾਲਣਾ ਅਧਿਕਾਰੀ ਦੁਆਰਾ ਹੀ ਛੋਟ ਦਿੱਤੀ ਜਾ ਸਕਦੀ ਹੈ, ਅਤੇ ਕਾਰਜਕਾਰੀ ਅਧਿਕਾਰੀਆਂ, ਨਿਰਦੇਸ਼ਕਾਂ ਅਤੇ ਸਾਡੇ ਕਾਰਪੋਰੇਟ ਕੰਟਰੋਲਰ ਦੇ ਮਾਮਲੇ ਵਿੱਚ, ਸਾਡੇ ਨਿਰਦੇਸ਼ਕ ਮੰਡਲ ਜਾਂ ਬੋਰਡ ਕਮੇਟੀ ਦੁਆਰਾ। ਕਿਸੇ ਕਾਰਜਕਾਰੀ ਅਧਿਕਾਰੀ, ਨਿਰਦੇਸ਼ਕ ਜਾਂ ਸਾਡੇ ਕੰਟਰੋਲਰ ਲਈ COBC ਦੀ ਕਿਸੇ ਵੀ ਛੋਟ ਦਾ ਕਨੂੰਨ ਜਾਂ ਸਟਾਕ ਐਕਸਚੇਂਜ ਦੇ ਨਿਯਮਾਂ ਦੀ ਲੋੜ ਅਨੁਸਾਰ ਤੁਰੰਤ ਖੁਲਾਸਾ ਕੀਤਾ ਜਾਵੇਗਾ।

# ਕੀ ਤੁਹਾਡਾ ਕੋਈ ਸਵਾਲ ਹੈ?

ਮੈਂ ਤੁਹਾਡੀ ਸਹਾਇਤਾ ਕਰਨ ਲਈ ਇੱਥੇ ਹਾਂ। ਜੇਕਰ ਤੁਹਾਨੂੰ ਇਸ COBC ਵਿੱਚ ਸ਼ਾਮਲ ਕਿਸੇ ਵੀ ਵਿਸ਼ੇ 'ਤੇ ਮਾਰਗਦਰਸ਼ਨ ਦੀ ਲੋੜ ਹੈ, ਤਾਂ ਗਲੋਬਲ ਇੰਟੈਗਰਿਟੀ ਨਾਲ ਸੰਪਰਕ ਕਰੋ।



# ਸਹੀ ਕੰਮ ਕਰਨ ਦੀ ਸਾਡੀ ਵਚਨੱਧਤਾ ਵਿੱਚ ਸਾਡੇ ਨਾਲ ਸ਼ਾਮਲ ਹੋਣ ਅਤੇ ਸਾਡੇ ਇਮਾਨਦਾਰੀ ਦੇ ਸੱਭਿਆਚਾਰ ਵਿੱਚ ਯੋਗਦਾਨ ਪਾਉਣ ਲਈ ਤੁਹਾਡਾ ਧੰਨਵਾਦ।







Julie Gruber
ਮੁੱਖ ਕਨੂੰਨੀ ਅਤੇ ਪਾਲਣਾ ਅਧਿਕਾਰੀ

# ਉਹੀ ਕਰੋ ਜੋ ਸਹੀ ਹੈ।

ਸਾਡਾ ਗਲੋਬਲ ਕੋਡ ਆਫ਼ ਬਿਜ਼ਨਸ ਕੰਡਕਟ

© 2025 Gap Inc. ਸਾਰੇ ਹੱਕ ਰਾਖਵੇਂ ਹਨ।